
# ਵਤਨੋਂ ਦੂਰ



WATNO DUR; MARCH - APRIL 1986; ONE DOLLAR
Date of Mailing: April 25, 1986

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | **MARCH - APRIL 1986** | Vol. 13. No. 110

EDITORIAL BOARD:

SURINDER DHANJAL, EDMONTON..........439-6216
SATWANT, EDMONTON..................461-1917
LAAT BHINDER, EDMONTON..............435-7469
AVTAR GILL, SHERWOOD PARK...........464-3851
KARNAIL RANDHAWA, EDMONTON..........462-2712

WATNO DUR REPRESENTATIVES:

- BRITISH COLUMBIA

SADHU, BURNABY......................437-9014
SUKHWANT HUNDAL, VANCOUVER..........321-9221
AMARJIT CHAHAL, SURREY..............581-0406
PAUL BINNING, RICHMOND..............270-9467
GURCHARAN TALLEWALIA, BURNABY.......298-3982
TEJ SANDHU, QUESNEL.................992-6775
AVTAR RODHEY, QUESNEL...............992-7578
INDERJIT RODE, VANCOUVER............430-4104

## ਇਸ ਅੰਕ ਵਿੱਚ

- ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਲੇਖ:
  - ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ
  - ਧਰਮਵਾਰ (ਫ਼ਿਰਕੂ) ਫਸਾਦ ਤੇ ਉਹਨਾਂ ਦਾ ਇਲਾਜ
- ਪ੍ਰੋ: ਜਗਮੋਹਨ ਸਿੰਘ ਦੇ ਲੇਖ:
  - ਸ਼ਹੀਦ ਭਗਤ ਸਿੰਘ ਦਾ ਜੀਵਨ ਵਿਕਾਸ
  - ਸ਼ਹੀਦ ਭਗਤ ਸਿੰਘ ਦੇ ਆਖ਼ਰੀ ਸਮੇਂ ਦੇ ਵਿਚਾਰਾਂ ਬਾਰੇ ਭੁਲੇਖਾ ਕਿਉਂ?
- ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ (ਬਾਬਾ ਸੋਹਣ ਸਿੰਘ ਭਕਨਾ)
- ਦੋ ਯਾਦਾਂ - ਦੋ ਘਟਨਾਵਾਂ (ਸ਼ਿਵ ਵਰਮਾ)
- ਸਾਡਾ ਭਗਤ ਸਿੰਘ (ਅਮਰਜੀਤ ਚੰਦਨ)
- ਭਗਤ ਸਿੰਘ ਦੀ ਤਸਵੀਰ (ਗੁਰਬਚਨ ਸਿੰਘ ਭੁੱਲਰ)
- ਵੇਖਣ ਲਈ ਜਿਨ੍ਹਾਂ ਨੂੰ ਅੱਖਾਂ ਤਰਸਦੀਆਂ ਨੇ (ਸੰਪਾਦਕ: ਸਰਬ ਭਾਰਤ ਨੌਜਵਾਨ ਸਭਾ)
- ਖ਼ੂਨ ਦੇ ਦਸਤਖ਼ਤ (ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ)
- ਭਗਤ ਸਿੰਘ ਦੀ ਵਾਪਸੀ: ਨਾਟਕ: ਸਾਗਰ ਸਰਹੱਦੀ
- ਸ਼ਹੀਦ ਭਗਤ ਸਿੰਘ (ਕਾਵਿ-ਪ੍ਰਸੰਗ): ਪ੍ਰੋ: ਹੀਰਾ ਸਿੰਘ (ਮੁਖਬੰਧ: ਕੇਸਰ ਸਿੰਘ ਕੇਸਰ; ਕਵਿਤਾ: ਆਖ਼ਰੀ ਕਿਤਾਬ)

- **ANNUAL SUBSCRIPTION**
  - Canada/U.S.A.: $6.00; England: £5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- WATNO DUR (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਸੰਪਾਦਕੀ

**• ਭਗਤ ਸਿੰਘ ਵਿਚਾਰਧਾਰਾ ਦਾ ਮਹੱਤਵ:** ਇਸ ਵਿਸ਼ੇਸ਼ ਅੰਕ ਨੂੰ ਸੰਪਾਦਤ ਕਰਦੇ ਸਮੇਂ ਸਾਡੇ ਸਾਹਮਣੇ ਤਿੰਨ ਮੰਤਵ ਸਨ:

1. ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਵਿਚਾਰਧਾਰਾ ਦੇ ਸਹੀ ਸਰੂਪ ਨੂੰ ਸਮਝਣ ਦੀ ਲੋੜ ਉੱਤੇ ਜ਼ੋਰ ਦੇਣਾ (ਇਸ ਵਿਚਾਰਧਾਰਾ ਨੂੰ 'ਭਗਤ ਸਿੰਘ ਵਿਚਾਰਧਾਰਾ' ਕਹਿ ਦੇਣਾ ਕੋਈ ਅੱਤ-ਕਥਨੀ ਨਹੀਂ ਹੋਵੇਗੀ ਕਿਉਂਕਿ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਦੇ ਸਿਧਾਂਤਕ ਪੱਖ ਨੂੰ ਵਿਕਸਤ ਕਰਨ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਭਗਤ ਸਿੰਘ ਨੇ ਹੀ ਕੀਤਾ ਸੀ)।
2. ਭਗਤ ਸਿੰਘ ਵਿਚਾਰਧਾਰਾ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਵਾਲੀਆਂ ਸਾਹਿੱਤਕ ਕਿਰਤਾਂ (ਕਵਿਤਾ, ਨਾਟਕ, ਰੇਖਾ-ਚਿਤਰ, ਇਤਿਹਾਸਕ ਖੋਜ ਆਦਿ) ਨਾਲ ਪਾਠਕਾਂ ਦੀ ਜਾਣ ਪਛਾਣ ਕਰਵਾਉਣਾ।
3. ਫ਼ਿਰਕਾਪ੍ਰਸਤਾਂ ਵੱਲੋਂ ਭਗਤ ਸਿੰਘ ਦੇ ਅੰਤਲੇ ਦਿਨਾਂ ਬਾਰੇ ਪਾਏ ਜਾ ਰਹੇ ਭੁਲੇਖਿਆਂ ਦਾ ਉੱਤਰ ਦੇਣਾ।

ਇਨ੍ਹਾਂ ਮੰਤਵਾਂ ਨੂੰ ਸਾਹਮਣੇ ਰੱਖਕੇ ਭਗਤ ਸਿੰਘ ਬਾਰੇ ਪ੍ਰਾਪਤ ਪੰਜਾਬੀ ਸਾਹਿੱਤ ਦਾ ਅਧਿਐਨ ਕਰਦਿਆਂ ਅਸੀਂ ਇਨ੍ਹਾਂ ਸਿੱਟਿਆਂ 'ਤੇ ਪੁੱਜੇ ਹਾਂ:

1. ਭਗਤ ਸਿੰਘ ਵਿਚਾਰਧਾਰਾ ਦਾ ਬੌਧਿਕ (intellectual) ਅਤੇ ਤਾਰਕਿਕ (logical) ਪੱਖ ਆਮ ਕਰਕੇ ਹਿੰਦੁਸਤਾਨ ਦੇ ਸਕੂਲਾਂ ਕਾਲਜਾਂ ਵਿੱਚ ਪੜ੍ਹਾਏ ਜਾਂਦੇ ਇਤਿਹਾਸ ਵਿੱਚ ਲੁਕੋ ਕੇ ਰੱਖਿਆ ਜਾਂਦਾ ਹੈ। ਇਨ੍ਹਾਂ ਸ਼ਹੀਦਾਂ ਦਾ ਨਾਮ "ਕੇਵਲ ਅਤੇ ਕੇਵਲ, 'ਸਾਂਡਰਸ ਕਤਲ ਕੇਸ' ਅਤੇ 'ਅਸੈਂਬਲੀ ਬੰਬ ਕੇਸ' ਨਾਲ ਜੋੜ ਕੇ" ਇਨ੍ਹਾਂ ਨੂੰ ਭੁੱਲੜ, ਤਲਖ਼ ਅਤੇ ਦਹਿਸ਼ਤ-ਪਸੰਦ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਨ੍ਹਾਂ ਦੀ ਸ਼ਖ਼ਸੀਅਤ ਦਾ ਉਹ ਮਹਾਨ ਪੱਖ ਮਨਫ਼ੀ ਕੀਤਾ ਜਾਂਦਾ ਹੈ ਜਿਸਨੇ ਬੰਬ, ਇਨਕਲਾਬ, ਆਦਰਸ਼, ਜੱਦੋਜਹਿਦ, ਤਿਆਗ ਤੇ ਕੁਰਬਾਨੀ, ਹਿੰਸਾ ਤੇ ਅਹਿੰਸਾ, ਜ਼ੁਲਮ ਤੇ ਗੁਨਾਹ, ਸਮਝੌਤਾ, ਆਤੰਕਵਾਦ, ਖ਼ੁਦਕਸ਼ੀ, ਜ਼ਿੰਦਗੀ, ਅਸੂਲ, ਸਵਰਗ-ਨਰਕ, ਆਲੋਚਨਾ, ਲੋਕ-ਰਾਜ ਅਤੇ ਸਮਾਜਵਾਦ ਸ਼ਬਦਾਂ ਦੀ ਵਿਆਖਿਆ ਕੀਤੀ ਅਤੇ 'ਇਨਕਲਾਬ ਜ਼ਿੰਦਾਬਾਦ' ਵਰਗਾ ਮੌਲਿਕ ਨਾਹਰਾ ਹਿੰਦੁਸਤਾਨ ਨੂੰ ਦਿੱਤਾ।

ਭਗਤ ਸਿੰਘ ਵਿਚਾਰਧਾਰਾ ਨੂੰ ਇਸਦਾ ਬੌਧਿਕ ਪੱਖ ਮਨਫ਼ੀ ਕਰਕੇ ਵੇਖਣ ਨਾਲ ਪੰਜਾਬੀਅਤ ਨੂੰ ਬਹੁਤ ਨੁਕਸਾਨ ਹੋਇਆ ਹੈ।

2. 'ਸ਼ਹੀਦ ਭਗਤ ਸਿੰਘ ਖੋਜ ਕਮੇਟੀ ਲੁਧਿਆਣਾ' ਨੇ "ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ" ਨਾਮ ਦੀ ਪੁਸਤਕ ਮਈ 1985 ਵਿੱਚ ਪ੍ਰਕਾਸ਼ਤ ਕਰਕੇ ਪੰਜਾਬੀ ਸਾਹਿੱਤ ਦੀਆਂ ਇਤਿਹਾਸਕ-ਖੋਜ ਨਾਲ ਸੰਬੰਧਤ ਪੁਸਤਕਾਂ ਦੀ ਸੂਚੀ ਵਿੱਚ ਇੱਕ ਅਹਿਮ ਵਾਧਾ ਕੀਤਾ ਹੈ। ਸਵਰਗਵਾਸੀ ਪ੍ਰੋ: ਦੀਦਾਰ ਸਿੰਘ ਦਾ ਕਿੱਸਾ-ਕਾਵਿ "ਸ਼ਹੀਦ ਭਗਤ ਸਿੰਘ (ਕਾਵਿ-ਪ੍ਰਵਾਹ)" ਵੀ ਏਸੇ ਕਮੇਟੀ ਨੇ ਨਵੰਬਰ 1984 ਵਿੱਚ ਪ੍ਰਕਾਸ਼ਤ ਕੀਤਾ ਸੀ। ਸ਼ਹੀਦ ਭਗਤ ਸਿੰਘ ਦੀ ਸੰਤ ਰਣਧੀਰ ਸਿੰਘ ਨਾਰੰਗਵਾਲ ਨਾਲ ਹੋਈ ਮੁਲਾਕਾਤ ਤੋਂ ਬਾਅਦ 4 ਅਕਤੂਬਰ 1930 ਨੂੰ ਲਿਖੀ ਗਈ ਰਚਨਾ "ਮੈਂ ਨਾਸਤਕ ਕਿਉਂ ਹਾਂ" ਵੀ ਪੰਜਾਬੀ ਵਿੱਚ ਪਹਿਲੀ ਵਾਰ (ਮਾਰਚ 78) ਏਸੇ ਕਮੇਟੀ ਨੇ ਪ੍ਰਕਾਸ਼ਤ ਕਰਵਾਈ ਸੀ। ਇਨ੍ਹਾਂ ਤੋਂ ਬਿਨਾਂ ਕੁਝ ਹੋਰ ਕਿਰਤਾਂ ਹਨ: ਸ਼ਿਵ ਵਰਮਾ ਦੀ ਰੇਖਾ-ਚਿਤਰ ਪੁਸਤਕ "23 ਮਾਰਚ ਦੇ ਸ਼ਹੀਦ", ਸਾਗਰ ਸਰਹੱਦੀ ਦਾ ਨਾਟਕ "ਭਗਤ ਸਿੰਘ ਦੀ ਵਾਪਸੀ", ਸਰਬ ਭਾਰਤ ਨੌਜਵਾਨ ਸਭਾ ਦੀ "ਸ਼ਹੀਦ ਭਗਤ ਸਿੰਘ: ਮਨੁੱਖ ਤੇ ਵਿਚਾਰ", ਭਗਵਾਨ ਸਿੰਘ ਜੋਸ਼ ਦੀ ਪੁਸਤਕ "ਪੰਜਾਬ ਵਿੱਚ ਕਮਿਊਨਿਸਟ ਲਹਿਰ" ਦਾ ਇੱਕ ਲੰਬਾ ਕਾਂਡ: "ਭਗਤ ਸਿੰਘ ਦਾ ਮਾਰਕਸਵਾਦ", "ਕਿੱਸਾ ਸ਼ਹੀਦ ਭਗਤ ਸਿੰਘ" (ਰਤਨ ਸਿੰਘ 'ਪਾਰਸ' ਰਾਮੂਵਾਲੀਆ) — ਇਹ ਸਾਰੀਆਂ ਕਿਰਤਾਂ ਭਗਤ ਸਿੰਘ ਵਿਚਾਰਧਾਰਾ ਦੇ ਸਹੀ ਸਰੂਪ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨ ਦੇ ਸੁਹਿਰਦ ਯਤਨ ਕਹੇ ਜਾ ਸਕਦੇ ਹਨ – ਇਸ ਲਿਸਟ ਵਿੱਚ ਹੋਰ ਨਾਮ ਵੀ ਸ਼ਾਮਲ ਹੋ ਸਕਦੇ ਹਨ – ਖੋਜ ਦੇ ਵਿਦਿਆਰਥੀ ਅਜਿਹੀਆਂ ਹੋਰ ਕਿਰਤਾਂ ਲੱਭਦੇ ਰਹਿਣਗੇ।

3. ਭਗਤ ਸਿੰਘ ਦੇ ਆਖ਼ਰੀ ਸਮੇਂ ਦੇ ਵਿਚਾਰਾਂ ਬਾਰੇ ਭੁਲੇਖਾ ਪਾਉਣ ਲਈ ਕੈਨੇਡਾ, ਇੰਗਲੈਂਡ ਅਤੇ ਹਿੰਦੁਸਤਾਨ ਦੇ ਸੌੜ-ਪ੍ਰਸਤਾਂ ਅਤੇ ਫ਼ਿਰਕਾਪ੍ਰਸਤਾਂ ਵੱਲੋਂ ਭਰਪੂਰ ਯਤਨ ਕੀਤੇ ਜਾ ਰਹੇ ਹਨ। ਸਿੱਖ, ਹਿੰਦੂ, ਆਰੀਆ-ਸਮਾਜੀ, ਕੂਕੇ ਆਦਿ ਹਵਨਾਂ ਅਤੇ ਅਖੰਡ-ਪਾਠਾਂ ਰਾਹੀਂ ਭਗਤ ਸਿੰਘ ਨੂੰ ਆਪਣੇ ਆਪਣੇ ਇਸ਼ਟ ਦਾ ਪੂਜਕ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦ ਕਿ ਇਨਕਲਾਬੀ ਸੰਸਥਾਵਾਂ ਨਾਲ ਜੁੜਨ ਤੋਂ ਬਾਅਦ ਭਗਤ ਸਿੰਘ ਦਾ ਇਨ੍ਹਾਂ ਵਿੱਚੋਂ ਕਿਸੇ ਨਾਲ ਵੀ ਕੋਈ ਮੋਹ ਨਹੀਂ ਰਿਹਾ। ਕੁਝ ਮੱਜ਼ਹਬ ਇੱਕ ਤਸਵੀਰ ਦਾ ਗ਼ਲਤ ਹਵਾਲਾ ਦੇਕੇ ਕਹਿੰਦੇ ਹਨ ਕਿ ਭਗਤ ਸਿੰਘ ਆਖ਼ਰੀ ਸਮੇਂ, ਸੰਤ ਰਣਧੀਰ ਸਿੰਘ ਨਾਰੰਗਵਾਲ ਦੇ ਪ੍ਰਭਾਵ ਹੇਠ ਸਿੱਖ ਸਜ ਗਿਆ ਸੀ ਜਦ ਕਿ ਅਸਲੀਅਤ ਇਹ ਹੈ ਕਿ ਭਗਤ ਸਿੰਘ ਆਪਣੇ ਅਸੂਲਾਂ ਮੁਤਾਬਕ ਆਖ਼ਰੀ ਪਲ ਤੱਕ ਨਾਸਤਕ ਰਿਹਾ – ਅਖ਼ੀਰਲੇ ਦਿਨ ਉਸਨੇ ਜੇਲ੍ਹ ਦੇ ਚੀਫ਼ ਵਾਰਡਰ ਚਤਰ ਸਿੰਘ ਦੀ 'ਵਾਹਿਗੁਰੂ ਦਾ ਨਾਮ ਲੈਣ ਅਤੇ ਗੁਰਬਾਣੀ ਦਾ ਪਾਠ ਕਰਨ' ਦੀ ਦਰਖ਼ਾਸਤ ਠੁਕਰਾ ਦਿੱਤੀ ਸੀ ਅਤੇ ਕਿਸੇ ਧਰਮ-ਪੁਸਤਕ ਦੀ ਥਾਂ ਲੈਨਿਨ ਦੀ ਜੀਵਨੀ ਪੜ੍ਹਦਾ ਰਿਹਾ। ਅਜਿਹੇ ਭੁਲੇਖਿਆਂ ਜਾਂ ਤਸਵੀਰ ਨਾਲ ਸੰਬੰਧਤ ਗ਼ਲਤ-ਬਿਆਨੀਆਂ ਨੂੰ ਸਪੱਸ਼ਟ ਕਰਨ ਵਾਲੇ ਕਿੰਨੇ ਹੀ ਲੇਖ/ਦਸਤਾਵੇਜ਼ ਇਸ ਅੰਕ ਵਿੱਚ ਸ਼ਾਮਲ ਹਨ।

ਮਾਰਚ ਮਹੀਨੇ ਨਾਲ ਸੰਬੰਧਤ ਹੋਰ ਵੀ ਮਹੱਤਵਪੂਰਨ ਦਿਨ ਹਨ। ਤੇਰਾਂ ਮਾਰਚ 1940 ਨੂੰ ਸ਼ਹੀਦ ਊਧਮ ਸਿੰਘ ਨੇ 'ਜਲ੍ਹਿਆਂ ਵਾਲਾ ਬਾਗ' ਦੇ ਕੌਮੀ ਅਪਮਾਨ (1919) ਦਾ ਬਦਲਾ ਲਿਆ ਸੀ। ਸਤਾਈ ਮਾਰਚ 1917 ਨੂੰ ਹਿੰਦੁਸਤਾਨ ਗਦਰ ਪਾਰਟੀ ਦੇ ਸੱਤ ਸ਼ਹੀਦ ਫ਼ਾਂਸੀ 'ਤੇ ਲਟਕਾ ਦਿੱਤੇ ਗਏ ਸਨ (ਪੂਰਾ ਵੇਰਵਾ ਅੰਦਰ ਹੈ)। ਸਾਫ਼ ਜ਼ਾਹਰ ਹੈ ਕਿ ਹਿੰਦੂ, ਮੁਸਲਮਾਨ, ਸਿੱਖ ਘਰਾਂ ਵਿੱਚ ਜਨਮ ਲੈਣ ਵਾਲੇ ਇਹ ਮਰਜੀਵੜੇ ਕੌਮੀ ਆਜ਼ਾਦੀ ਸੰਗਰਾਮ ਵਿੱਚ ਇਕੱਠੇ ਫ਼ਾਂਸੀਆਂ 'ਤੇ ਲਟਕਦੇ ਰਹੇ – ਇਉਂ ਇਹ ਧਰਮਾਂ ਤੋਂ ਉੱਪਰ ਉੱਠੀ ਹੋਈ ਜਾਂ ਧਰਮ-ਰਹਿਤ ਕੌਮੀ-ਏਕਤਾ ਦੇ ਪ੍ਰਤੀਕ ਹਨ – ਊਧਮ ਸਿੰਘ ਦਾ ਫ਼ਰਜ਼ੀ ਨਾਮ "ਰਾਮ ਮੁਹੰਮਦ ਸਿੰਘ ਆਜ਼ਾਦ" ਵੀ ਅਜਿਹੀ ਹੀ ਧਰਮ ਨਿਰਲੇਪ ਅਤੇ ਆਜ਼ਾਦ ਸ਼ਖ਼ਸੀਅਤ ਦਾ ਸੰਕਲਪ ਪੇਸ਼ ਕਰਦਾ ਹੈ।

ਅੱਜ ਫ਼ਿਰਕੂ-ਜਨੂੰਨ ਅਤੇ ਫ਼ਿਰਕਾਪ੍ਰਸਤੀ ਦੇ ਵਿਰੋਧ ਵਿੱਚ, ਕੌਮੀ ਸ਼ਹੀਦਾਂ ਨਾਲ ਸੰਬੰਧਤ ਇਨ੍ਹਾਂ ਨੁਕਤਿਆਂ ਦੇ ਮਹੱਤਵ ਨੂੰ ਵੱਧ ਤੋਂ ਵੱਧ ਸਮਝਣ ਅਤੇ ਗ੍ਰਹਿਣ ਕਰਨ ਦੀ ਲੋੜ ਹੈ।

ਕੁਝ ਕੁ ਲਿਖਤਾਂ ਵਿੱਚ, ਕਈ ਗੱਲਾਂ ਦਾ ਚੋਖਾ ਬਹੁਤ ਦੁਹਰਾਓ ਵੀ ਮਿਲੇਗਾ। ਪਰ ਅਸੀਂ ਆਪਣੇ ਮੰਤਵਾਂ ਨੂੰ ਸਪੱਸ਼ਟ ਕਰਨ ਵਾਲੀਆਂ ਵੱਖ ਵੱਖ ਅਤੇ ਵੱਧ ਤੋਂ ਵੱਧ ਲਿਖਤਾਂ ਇੱਕੋ ਜਗ੍ਹਾ ਇਕੱਤਰ ਕਰਨੀਆਂ ਚਾਹੁੰਦੇ ਸਾਂ ਤਾਂ ਕਿ ਪਾਠਕਾਂ ਨੂੰ ਸਿਲਸਿਲੇਵੱਧ ਨਿਰਣੇ ਲੈਣ ਵਿੱਚ ਸੌਖ ਰਹੇ ਅਤੇ ਪਾਰਖੂ-ਅੱਖਾਂ ਭਗਤ ਸਿੰਘ ਵਿਚਾਰਧਾਰਾ ਨੂੰ ਖੋਜਣ-ਪਰਖਣ-ਸਮਝਣ-ਸਮਝਾਉਣ ਲਈ ਯਤਨਸ਼ੀਲ ਰਹਿਣ!

ਅਮਲ ਅਤੇ ਸਿਧਾਂਤ ਇੱਕ ਦੂਜੇ ਦੇ ਮਿੱਤਰ, ਸਾਥੀ ਅਤੇ ਪੂਰਕ ਹਨ। ਇੱਕ ਦਾ ਸੰਬੰਧ ਸਰੀਰਕ ਤਾਕਤ ਨਾਲ ਹੈ, ਦੂਜੇ ਦਾ ਮਾਨਸਕ ਤਾਕਤ ਨਾਲ – ਦੋਹਾਂ ਦਾ ਇੱਕੋ ਜਿੰਨਾ ਮਹੱਤਵ ਹੈ – ਮਨ ਅਤੇ ਸਰੀਰ ਵਰਗਾ ਰਿਸ਼ਤਾ ਹੈ ਦੋਹਾਂ ਦਾ – ਮੰਜ਼ਲ ਦੀ ਪਰਿਭਾਸ਼ਾ ਬਿਨਾਂ, ਸਰੀਰਕ ਤਾਕਤ ਦੇ ਬਲ-ਬੋਤੇ ਜਿੱਧਰ ਮੂੰਹ ਆਵੇ ਦੌੜੀ ਜਾਣਾ ਜਾਂ ਬਿਨਾਂ ਸਫ਼ਰ ਦੇ ਰਾਹ ਪਿਆਂ ਮਾਨਸਕ ਤਾਕਤ ਨਾਲ ਮੰਜ਼ਲ ਦੀ ਪਰਿਭਾਸ਼ਾ ਘੜਕੇ ਹੀ ਸੰਤੁਸ਼ਟ ਹੋ ਜਾਣਾ; ਦੋਵੇਂ ਰਾਹ ਗਲਤ ਹਨ – ਦੋਹਾਂ ਦਾ ਸੁਚੱਜਾ ਸੁਮੇਲ ਹੀ ਭਗਤ ਸਿੰਘ ਵਿਚਾਰਧਾਰਾ ਦੀ ਬੁਨਿਆਦ ਹੈ।

**• ਅੱਗ ਵਿੱਚ ਸੜ ਰਿਹਾ ਲਿਬੀਆ:** ਭਾਵੇਂ ਅਮਰੀਕੀ ਸਾਮਰਾਜ ਦੇ ਜੰਗੀ ਮਨਸੂਬੇ ਕਿਸੇ ਤੋਂ ਲੁਕੇ ਛਿਪੇ ਨਹੀਂ ਹਨ, ਪਰ ਅੱਜ ਲਿਬੀਆ ਦੇ ਸੈਂਕੜੇ ਬੇਗੁਨਾਹ ਲੋਕਾਂ ਅਤੇ ਮਾਸੂਮ ਬੱਚਿਆਂ ਦੇ ਖ਼ੂਨ ਦੀ ਹੋਲੀ ਖੇਡ ਕੇ ਅਤੇ ਦੁਨੀਆਂ ਦੇ ਅਮਨ-ਪਸੰਦ ਲੋਕਾਂ ਵਿੱਚ ਆਪਣੀ ਅਸਲੀ ਬੋਲੀ – ਬੰਬਾਂ ਦੀ, ਅੱਗ ਦੀ ਅਤੇ ਮੌਤ ਦੀ ਖ਼ੌਫ਼ਨਾਕ ਬੋਲੀ ਬੋਲਕੇ ਰੇਗਨ ਪੂਰੀ ਤਰਾਂ ਬੇਨਕਾਬ ਹੋਇਆ ਹੈ। ਇਜ਼ਰਾਈਲ, ਬਰਤਾਨੀਆ, ਕੈਨੇਡਾ ਅਤੇ ਚੈਡ ਤੋਂ ਬਿਨਾਂ ਸਾਰੀ ਦੁਨੀਆਂ ਦੇ ਦੇਸ਼ਾਂ ਨੇ ਇਸ ਘਿਨਾਉਣੇ ਹਵਾਈ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੋਵੀਅਤ ਬਲਾਕ, ਚੀਨ, ਨੇਟੋ ਦੇ ਬਹੁਤੇ ਦੇਸ਼ਾਂ ਨੇ ਤੇ ਅਰਬ ਦੇਸ਼ਾਂ ਦੀਆਂ ਸਰਕਾਰਾਂ ਨੇ ਵੀ ਇਸ ਹਮਲੇ ਨੂੰ ਨਿੰਦਿਆ ਹੈ। ਇਟਲੀ ਦੇ ਸ਼ਹਿਰ ਮਿਲਨ ਵਿੱਚ 15000 ਵਿਦਿਆਰਥੀਆਂ ਨੇ ਅਮਰੀਕੀ ਸਾਮਰਾਜ ਵਿਰੁੱਧ ਨਾਹਰੇ ਲਾਏ; ਰੋਮ ਵਿੱਚ 10000 ਅਮਨ-ਪਸੰਦ ਲੋਕਾਂ ਨੇ, ਸਕਾਟਲੈਂਡ ਯਾਰਡ ਵਿੱਚ ਵੀ 10000 ਲੋਕਾਂ ਨੇ ਲੰਡਨ ਦੇ ਅਮਰੀਕਨ ਦੂਤਘਰ ਦੇ ਬਾਹਰ ਰੋਸ ਵਜੋਂ ਧਰਨਾ ਮਾਰਿਆ। ਪੱਛਮੀ ਜਰਮਨੀ ਦੇ ਵੱਖ ਵੱਖ ਸ਼ਹਿਰਾਂ ਵਿੱਚ 20 ਹਜ਼ਾਰ ਤੋਂ ਵਧੇਰੇ ਲੋਕਾਂ ਨੇ, ਡੋਮਿਨੀਕਨ ਰੀਪਬਲਿਕ ਦੀ ਰਾਜਧਾਨੀ ਸੈਂਟੋ ਡੋਮਿੰਗੋ ਵਿੱਚ 1000 ਲੋਕਾਂ ਨੇ, ਅਤੇ ਆਸਟਰੀਆ ਦੇ ਸ਼ਹਿਰ ਵੀਆਨਾ ਵਿੱਚ 4000 ਲੋਕਾਂ ਨੇ ਰੇਗਨ ਦਾ ਪੁਤਲਾ ਸਾੜਿਆ। ਲੰਡਨ 'ਚ ਮਾਰਗਰੇਟ ਥੈਚਰ ਦੇ ਦਫ਼ਤਰ ਦੇ ਸਾਹਮਣੇ 2000 ਲੋਕਾਂ ਨੇ ਧਰਨਾ ਮਾਰਿਆ ਅਤੇ ਨਾਹਰੇ ਲਾਏ ਕਿ: " ਰੇਗਨ, ਥੈਚਰ ਅਤੇ ਸੀ. ਆਈ. ਏ. – ਦੱਸੋ ਅੱਜ ਤੁਸੀਂ ਕਿੰਨੇ ਮਾਸੂਮ ਬੱਚੇ ਮਾਰੇ ?"

ਦੁਨੀਆਂ ਭਰ ਦੇ ਅਮਨ ਪਸੰਦ ਲੋਕਾਂ ਦੇ ਅਜਿਹੇ ਨਾਹਰੇ ਅਤੇ ਮੁਜ਼ਾਹਰੇ ਇਸ ਗੱਲ ਦੇ ਪ੍ਰਤੀਕ ਹਨ ਕਿ ਅੱਜ ਸਿਹਤਮੰਦ ਸੋਚ ਰੱਖਣ ਵਾਲੀਆਂ ਅੰਤਰ-ਰਾਸ਼ਟਰੀ-ਸੰਸਥਾਵਾਂ ਆਪਣੇ ਲੋਕ-ਹਿਤੂ ਜਹਾਦ ਰਾਹੀਂ ਸਾਧਾਰਣ ਲੋਕਾਂ ਨੂੰ ਚੇਤੰਨ ਕਰ ਰਹੀਆਂ ਹਨ – ਵੱਡੀਆਂ ਤਾਕਤਾਂ ਦੇ ਦੁਨੀਆਂ ਨੂੰ ਤੀਜੀ ਵੱਡੀ ਜੰਗ ਦੀ ਭੱਠੀ ਵਿੱਚ ਝੋਕਣ ਦੇ ਗੰਦੇ ਮਨਸੂਬਿਆਂ ਵਿਰੁੱਧ ਉਭਾਰ ਪੈਦਾ ਕਰ ਰਹੀਆਂ ਹਨ।

ਸਾਮਰਾਜੀਆਂ ਦਾ ਸਰਦਾਰ ਅਮਰੀਕਾ ਆਪਣੇ ਖਰੀਦੇ ਹੋਏ ਸੂਚਨਾ-ਸਾਧਨਾਂ ( ਰੇਡੀਓ, ਟੀ.ਵੀ., ਪ੍ਰੈੱਸ) ਰਾਹੀਂ ਜਾਂ ਆਪਣੇ ਇਸ਼ਾਰਿਆਂ 'ਤੇ ਨੱਚਣ ਵਾਲੀਆਂ ਸਰਕਾਰਾਂ ਰਾਹੀਂ ਭਾਵੇਂ ਆਪਣੇ ਹੱਕ ਵਿੱਚ ਜਿੰਨਾ-ਮਰਜ਼ੀ ਪਰਚਾਰ ਕਰਦਾ ਰਹੇ ਜਾਂ ਯੂ. ਐੱਨ. ਓ. ਵਰਗੀਆਂ ਨਾਮ-ਧਰੀਕ-ਅਮਨ-ਰੱਖਿਅਕ-ਸੰਸਥਾਵਾਂ ਵਿੱਚ ਆਪਣੇ ਮਗਰ ਹੱਥ ਖੜੇ ਕਰਵਾਉਣ ਦਾ ਨਾਟਕ ਖੇਡ ਲਵੇ ਪਰ ਹਾਲਾਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਸਮਾਂ ਨਹੀਂ ਰਿਹਾ ਜਦੋਂ ਕਿ ਕੋਈ ਵੀ ਵੱਡੀ ਸਾਮਰਾਜੀ ਤਾਕਤ ਆਪਣੇ ਜੰਗੀ ਕਦਮਾਂ ਨਾਲ ਕਿਸੇ ਮੁਲਕ ਦੇ ਲੋਕਾਂ ਨੂੰ ਕੁਚਲਕੇ ਆਪ ਪਾਕਿ-ਪਵਿੱਤਰ ਹੋਣ ਦਾ ਬੁਰਕਾ ਪਾ ਲਵੇ।

ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਲਿਬੀਅਨ ਨੇਤਾ ਖਦਾਫ਼ੀ ਨੇ ਆਪਣੀ "ਗਰੀਨ ਬੁੱਕ" ਵਿੱਚ, "ਥਰਡ ਯੂਨੀਵਰਸਲ ਥਿਊਰੀ" ਵਿੱਚ, ਸਾਮਰਾਜੀਆਂ ਦਾ ਡਟਕੇ ਵਿਰੋਧ ਕੀਤਾ ਹੈ। ਰੇਗਨ ਨੇ ਖਦਾਫ਼ੀ ਨਾਲ ਆਪਣੇ ਇਸ ਸਿਧਾਂਤਕ ਵਿਰੋਧ ਦਾ ਸਿਧਾਂਤਕ ਜਵਾਬ ਦੇਣ ਦੀ ਥਾਂ, ਇਸ ਸਿਧਾਂਤਕ ਵਿਰੋਧ ਨੂੰ ਅੱਤਵਾਦ ਅਤੇ ਦਹਿਸ਼ਤਵਾਦ ਕਹਿਕੇ ਆਪਣੇ ਜੰਗੀ-ਕੁਕਰਮ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਸਿਹਤਮੰਦ ਅਤੇ ਉਸਾਰੂ ਸੋਚ ਦੇ ਪੈਰੋਕਾਰ ਸਾਹਿੱਤਕ-ਸੱਭਿਆਚਾਰਕ-ਰਾਜਨੀਤਕ ਮਿਹਨਤਕਸ਼ਾਂ ਨੂੰ ਸਾਮਰਾਜ ਦੀ ਇਸ ਹੈਵਾਨੀ ਬਿਰਤੀ ਵਿਰੁੱਧ ਲੋਕ-ਮੁਕਤੀ-ਜੁੱਧ ਦਾ ਸੁਨੇਹਾ ਦੇਣ ਵਾਲੀਆਂ, ਲੋਕ-ਹਿਤੂ ਪੁਜ਼ੀਸ਼ਨਾਂ ਅਪਨਾਉਣੀਆਂ ਚਾਹੀਦੀਆਂ ਹਨ।

– ਅਦਾਰਾ ਵਤਨੋਂ ਦੂਰ
(25 ਅਪਰੈਲ 86)

---


## ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ **ਲਿਖਤਾਂ**



ਸਾਡਾ ਇਤਿਹਾਸਕ ਵਿਰਸਾ ਖਿੰਡਿਆ ਪੁੰਡਿਆ ਪਿਆ ਹੈ - ਇਸ ਨੂੰ ਸਾਂਭਣਾ ਅਤੇ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾਉਣਾ ਸਾਡਾ ਇਤਿਹਾਸਕ ਫਰਜ਼ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਏਸੇ ਮਕਸਦ ਨਾਲ ਹੋਈ ਹੈ। ਪ੍ਰਕਾਸ਼ਤ ਦਸਤਾਵੇਜ਼ ਪੁਰਾਣੇ ਇਤਿਹਾਸਕ ਪਰਚਿਆਂ (ਕਿਰਤੀ ਆਦਿ) ਅਤੇ ਸਰਕਾਰੀ ਫਾਈਲਾਂ ਚੋਂ ਬਹੁਤ ਮਿਹਨਤ ਨਾਲ ਪ੍ਰਾਪਤ ਕੀਤੇ ਗਏ ਹਨ।

• ਸੰਪਾਦਕ :-
ਜਗਮੋਹਨ ਸਿੰਘ
ਸਕੱਤਰ, ਸ਼ਹੀਦ ਭਗਤ ਸਿੰਘ ਖੋਜ ਕਮੇਟੀ
838 ਕ੍ਰਿਸ਼ਨਾ ਨਗਰ ਲੁਧਿਆਣਾ

• ਪ੍ਰਕਾਸ਼ਕ :-
ਰੈਡੀਕਲ ਪਬਲੀਕੇਸ਼ਨਜ਼, ਸਾਹਮਣੇ ਡੀ. ਐੱਮ. ਕਾਲਜ, ਮੋਗਾ | ਦਰਸ਼ਨ ਸਿੰਘ ਪਿੰਡ ਤੇ ਡਾਕ: ਕੁਲੀਕਲਾਂ ਲੁਧਿਆਣਾ

• ਮਿਲਣ ਦਾ ਪਤਾ :-
ਜੈਕਾਰਾ, ਈ. ਜੇ. 273
ਚਾਹਾਰ ਬਾਗ, ਜਾਲੰਧਰ
• ਕੀਮਤ: ਵੀਹ ਡਾਲਰ ; ਡਾਕ ਖਰਚ ਅਲੱਗ

# ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

ਸੋਹਨ ਸਿੰਘ ਭਕਨਾ

●

ਜਦ ਭਗਤ ਸਿੰਘ ਤੇ ਉਹਦੇ ਸਾਥੀਆਂ ਤੇ ਮੁਕਦਮਾ ਚਲਾਉਣ ਲਈ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਬੋਸਟਲ ਜੇਲ੍ਹ ਲਿਆਂਦਾ ਗਿਆ ਤਾਂ ਮੈਂ ਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਹਿਲਾਂ ਹੀ ਉਸ ਜੇਲ੍ਹ ਵਿਚ ਆ ਚੁੱਕੇ ਸਾਂ। ਕਿਸੇ ਨਾ ਕਿਸੇ ਢੰਗ ਨਾਲ ਤਿੰਨੀ ਕੁ ਦਿਨੀਂ ਅਸੀਂ (ਮੈਂ ਤੇ ਭਗਤ ਸਿੰਘ) ਜ਼ਰੂਰ ਮਿਲਦੇ ਸਾਂ ਤੇ ਵਿਚਾਰਾਂ ਦਾ ਖੁੱਲ੍ਹਾ ਵਟਾਂਦਰਾ ਕਰਦੇ ਸਾਂ। ਇਕ ਦਿਨ ਮੈਂ ਮਖੌਲ ਨਾਲ ਭਗਤ ਸਿੰਘ ਤੋਂ ਪੁਛਿਆ "ਤੂੰ ਅਜੇ ਨੌਜਵਾਨ ਸੀ ਤੇ ਪੜ੍ਹਿਆ ਲਿਖਿਆ ਵੀ ਤੇਰੀ ਖਾਣ ਪੀਣ ਤੇ ਐਸ਼ ਕਰਨ ਦੀ ਉਮਰ ਸੀ ਤੂੰ ਇਧਰ ਕਿਵੇਂ ਫਸ ਗਿਆ ?" ਭਗਤ ਸਿੰਘ ਨੇ ਹੱਸ ਕੇ ਜਵਾਬ ਦਿਤਾ, "ਇਹ ਮੇਰਾ ਕਸੂਰ ਨਹੀਂ ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ।" ਮੈਂ ਕਿਹਾ "ਸਾਡਾ ਕਿਸ ਤਰ੍ਹਾਂ ਹੈ ?" ਭਗਤ ਸਿੰਘ ਨੇ ਕਿਹਾ "ਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫ਼ਾਂਸੀਆਂ ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ।" ਭਗਤ ਸਿੰਘ 6 ਫੁਟ ਲੰਮਾ ਬਹੁਤ ਖ਼ੂਬਸੂਰਤ ਤੇ ਅਜੇ ਮਸਫੁਟਾ ਨੌਜਵਾਨ ਸੀ। ਨਿਡਰ ਜਰਨੈਲ ਫਲਾਸਫਰ ਤੇ ਉਚੇ ਦਰਜੇ ਦੀ ਰਾਜਸੀ ਸੂਝ ਰਖਣ ਵਾਲਾ ਸੀ। ਦੇਸ਼ ਭਗਤੀ ਦੇ ਨਾਲ ਨਾਲ ਦੁਨੀਆਂ ਭਰ ਦੀ ਪੀੜਤ ਜੰਤਾ ਦਾ ਦਰਦ ਉਹਦੇ ਦਿਲ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਜਦ ਵੀ ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇੰਜ ਲਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ। ਪਰ ਉਹਨਾਂ ਦੇ ਗੁਣ,ਕਰਮ ਅੰਤਾਹ ਕਰਨ ਇਕੋ ਹੀ ਸਨ। "ਏਕ ਜੋਤ ਦੋਏ ਮੂਰਤਿ" ਵਾਲੀ ਮਿਸਾਲ ਇਹਨਾਂ ਤੇ ਢੁਕਦੀ ਸੀ। ਇਕ ਦਿਨ ਮੈਂ ਪੁਛਿਆ "ਸਾਂਡਰਸ ਨੂੰ ਤੁਸਾਂ ਕਿਸ ਲਈ ਮਾਰਿਆ ਸੀ ? ਕੀ ਜੋ ਅਖਬਾਰਾਂ ਵਿਚ ਲਿਖਿਆ ਹੈ ਕਿ ਤੁਸਾਂ ਲਾਲਾ ਲਾਜਪਤ ਰਾਏ ਦੀ ਮਿਰਤੂ ਦਾ ਬਦਲਾ ਲੈਣ ਲਈ ਮਾਰਿਆ ਸੀ ਠੀਕ ਹੈ ? ਕੀ ਜੇ ਸਾਂਡਰਸ ਲਾਲਾ ਲਾਜਪਤ ਰਾਏ ਨੂੰ ਲਾਠੀ ਨਾ ਮਾਰਦਾ ਤੇ ਉਹਨਾਂ ਦੀ ਮਿਰਤੂ ਨਾਂ ਹੁੰਦੀ ਤਾਂ ਕੀ ਤੁਹਾਡੇ ਤੇ ਤੁਹਾਡੇ ਸਾਥੀਆਂ ਦੇ ਦਿਲ ਵਿਚ ਸਾਂਡਰਸ ਨੂੰ ਮਾਰਨ ਦਾ ਖਿਆਲ ਪੈਦਾ ਹੀ ਨਾ ਹੁੰਦਾ ?"

ਭਗਤ ਸਿੰਘ ਨੇ ਜਵਾਬ ਦਿੱਤਾ "ਸਾਡੀ ਪਾਰਟੀ ਦਾ ਉਦੇਸ਼ ਸਿਰਫ ਦਹਿਸ਼ਤ ਜਦਗੀ ਹੀ ਨਹੀਂ ਸੀ। ਅਸੀਂ ਤਾਂ ਅੰਗਰੇਜ਼ਾਂ ਦੀ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੁੰਦੇ ਸਾਂ। ਜਿਸ ਤਰ੍ਹਾਂ 1914-1915 ਵਿਚ ਗਦਰ ਪਾਰਟੀ ਦੇ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਝੰਡਾ ਚੁਕਿਆ ਸੀ ਸਾਡੀ ਪਾਰਟੀ ਦਾ ਵੀ ਉਦੇਸ਼ ਉਹੀ ਸੀ। ਜੇ ਅਸਾਂ ਸਾਂਡਰਸ ਨੂੰ ਮਾਰਿਆ ਤੇ ਪਾਰਲੀਮੈਂਟ ਵਿਚ ਬੰਬ ਸੁਟਿਆ ਤਾਂ ਇਸੇ ਉਦੇਸ਼ ਦੀ ਪੂਰਤੀ ਲਈ ਤਾਂ ਕਿ ਦੁਸ਼ਮਣਾਂ ਨੂੰ ਪਤਾ ਲਗ ਜਾਏ ਕਿ ਹਿੰਦਸਤਾਨ ਦੇ ਨੌਜਵਾਨ ਹੁਣ ਤੁਹਾਡੀ ਗੁਲਾਮੀ ਬਰਦਾਸ਼ਤ ਨਹੀਂ ਕਰ ਸਕਦੇ।"

ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਰਾਜਸੀ ਕੈਦੀਆਂ ਲਈ ਇਕ ਸਪੈਸ਼ਲ ਕਲਾਸ ਬਣਾਏ ਜਾਣ ਦੀ ਮੰਗ ਕੀਤੀ, ਜਿਸ ਵਿਚ ਅਮੀਰ ਗਰੀਬ ਸਾਰਿਆਂ ਨਾਲ ਇਕੋ ਜਿਹਾ ਵਰਤਾਓ ਹੋਵੇ ਤੇ ਮੰਗ ਨਾ ਮੰਨੇ ਜਾਣ ਤੇ ਭੁਖ ਹੜਤਾਲ ਕਰ ਦਿਤੀ। ਕੁਝ ਦਿਨ ਤਾਂ ਮੈਂ ਵੇਖਦਾ ਰਿਹਾ। ਪਰ ਜਦ ਹੜਤਾਲ ਲੰਮੀ ਹੁੰਦੀ ਦਿਸੀ ਤਾਂ ਮੈਂ ਬਰਦਾਸ਼ਤ ਨਾ ਕਰ ਸਕਿਆ ਤੇ ਜਿਹਲ ਵਾਲਿਆਂ ਨੂੰ ਭੁਖ ਹੜਤਾਲ ਦਾ ਨੋਟਸ ਦੇ ਦਿੱਤਾ। ਜਦ ਭਗਤ ਸਿੰਘ ਨੂੰ ਪਤਾ ਲਗਾ ਤਾਂ ਉਸ ਨੇ ਕਈ ਸੁਨੇਹੇ ਭੇਜੇ "ਬਾਬਾ ਜੀ ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਉਠਾ ਚੁਕੇ ਹੋ, ਹੁਣ ਭੁਖ ਹੜਤਾਲ ਨਾ ਕਰੋ।" ਮੈਂ ਪਿਆਰ ਨਾਲ ਜਵਾਬ ਦਿੱਤਾ "ਭਗਤ ਸਿੰਘ ਜਦ ਤੁਸੀਂ ਨੌਜਵਾਨ ਦੂਜਿਆਂ ਦੇ ਦੁਖਾਂ ਨੂੰ ਦੂਰ ਕਰਨ ਲਈ ਕੁਰਬਾਨੀ ਦੇ ਰਹੇ ਹੋ ਤਾਂ ਮੈਂ ਬੁੱਢੀ ਉਮਰ ਵਿਚ ਜੋ ਖਤਮ ਹੋਣ ਤੇ ਹੈ, ਬਾਹਰ ਬੈਠਾ ਕਿਸ ਤਰ੍ਹਾਂ ਤਮਾਸ਼ਾ ਵੇਖ ਸਕਦਾ ਹਾਂ ?" ਸੋ ਮੈਂ ਵੀ ਭੁਖ ਹੜਤਾਲ ਕਰ ਦਿਤੀ ਤੇ ਆਖਰ ਤਕ ਭੁਖ ਹੜਤਾਲ ਵਿਚ ਸ਼ਾਮਲ ਰਿਹਾ। ਇਹ ਮੇਰੀ ਚੌਥੀ ਭੁਖ ਹੜਤਾਲ ਸੀ। ●



ਹਿੰਦੁਸਤਾਨ ਗਦਰ ਪਾਰਟੀ ਦੇ ਪਹਿਲੇ ਪਰਧਾਨ ਬਾਬਾ ਸੋਹਨ ਸਿੰਘ ਭਕਨਾ ਦੇ ਅੰਤਲੇ ਦਿਨਾਂ ਦੀ ਇਹ ਫੋਟੋ ਉਨ੍ਹਾਂ ਦੀ ਆਤਮ ਕਥਾ 'ਜੀਵਨ ਸੰਗਰਾਮ' ਦੇ ਟਾਈਟਲ ਪੇਜ਼ ਤੋਂ ਲਈ ਗਈ ਹੈ।

●

ਸਾਗਰ ਸਰਹੱਦੀ ਦੇ ਨਾਟਕ 'ਭਗਤ ਸਿੰਘ ਦੀ ਵਾਪਸੀ' ਦੇ ਆਰੰਭ ਅਤੇ ਅੰਤ ਦੇ ਕੁਝ ਅੰਸ਼ :

# ਭਗਤ ਸਿੰਘ ਦੀ ਵਾਪਸੀ

## ਸਾਗਰ ਸਰਹੱਦੀ

**ਪਾਤਰ**

ਭਗਤ ਸਿੰਘ
ਮਾਂ
ਭਗਵਤੀ ਚਰਨ
ਸੁਖਦੇਵ
ਚੰਦਰ ਸ਼ੇਖਰ ਆਜ਼ਾਦ
ਰਾਜਗੁਰੂ
ਵਿਜੇ ਕੁਮਾਰ ਸਿਨਹਾ
ਬਟਕੇਸ਼ਵਰ ਦੱਤ
ਸਾਈਮਨ
ਟੋਡੀ
ਹਵਾਲਦਾਰ
ਕਲਰਕ
ਜੱਜ
ਵਕੀਲ
ਨੰਬਰਦਾਰ

①

ਮੰਚ ਤੇ ਰੋਸ਼ਨੀ ਹੁੰਦੀ ਹੈ । ਭਗਤ ਸਿੰਘ ਫੁੱਟ ਲਾਈਟ ਦੇ ਕੋਲ ਖੜ੍ਹਾ ਦਰਸ਼ਕਾਂ ਨਾਲ ਗੱਲਾਂ ਕਰ ਰਿਹਾ ਹੈ ! ਉਸਦੇ ਚਿਹਰੇ ਤੇ ਸੰਜੀਦਗੀ ਹੈ ! ਆਵਾਜ਼ ਵਿਚ ਠਰੰਮਾ ।

ਭਗਤ ਸਿੰਘ : ਮੈਂ ਇਕ ਖਿਆਲ ਹਾਂ, ਤੁਹਾਨੂੰ ਯਾਦ ਹੀ ਹੋਵੇਗਾ 23 ਮਾਰਚ 1931 ਨੂੰ ਮੈਨੂੰ ਫਾਂਸੀ ਦਿਤੀ ਗਈ ਸੀ । ਮੇਰਾ ਜਿਸਮ ਪੰਜ ਤੱਤਾਂ ਵਿਚ ਬਦਲ ਗਿਆ ਸੀ ! ਹੁਣ ਮੇਰੇ ਤੇ ਤੁਹਾਡੇ ਵਿਚਕਾਰ ਸਿਰਫ਼ ਮੌਤ ਦੀ ਵਾਦੀ ਹੈ ! ਮੈਂ ਤੁਹਾਨੂੰ ਵੇਖ ਨਹੀਂ ਸਕਦਾ ਪਰ ਤੁਸੀਂ ਮੈਨੂੰ ਵੇਖ ਸਕਦੇ ਹੋ ! ਕਿਉਂਕਿ ਮੈਂ ਭਗਤ ਸਿੰਘ ਨਹੀਂ ਹਾਂ ਬਲਕਿ ਕੇਵਲ ਇਕ ਕਲਪਨਾ ਹਾਂ ! ਮੇਰਾ ਜਿਸਮ ਉਸ ਕਲਪਨਾ ਨੂੰ ਸਮੂਰਤ ਕਰ ਰਿਹਾ ਹੈ ! ਨਾਟਕਕਾਰ ਨੇ ਹੁਣ ਮੈਨੂੰ ਦੁਬਾਰਾ ਤੁਹਾਡੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿਤਾ ਹੈ ! ਉਹ ਕਹਿੰਦਾ ਹੈ ਕਿ ਤੁਸੀਂ ਉਸ ਖਾਸ ਗੱਲ ਬਾਰੇ ਕੁਝ ਨਹੀਂ ਜਾਣਦੇ ਜਾਂ ਚੰਗੀ ਤਰ੍ਹਾਂ ਮਹਿਸੂਸ ਨਹੀਂ ਕਰਦੇ ਜੋ ਉਹ ਕਹਿਣੀ ਚਾਹੁੰਦਾ ਹੈ । ਮੈਂ, ਯਾਨੀ ਕਿ ਭਗਤ ਸਿੰਘ ਨੇ ਵੀ ਉਹ ਗੱਲ ਜਾਣਦਿਆਂ ਬੁਝਦਿਆਂ ਸਾਂਝੀ ਨਹੀਂ ਸੀ ਕੀਤੀ । ਪਰ ਇਸ ਤਰ੍ਹਾਂ ਕਿਸੇ ਪਾਬੰਦੀ ਨਾਲ, ਇਸ ਤਰ੍ਹਾਂ ਦੇ ਦਬਾ ਹੇਠ ਦੂਜੀਆਂ ਘਟਨਾਵਾਂ ਦਾ ਸਹਾਰਾ ਲੈ ਕੇ ਸ਼ਾਇਦ ਮੈਂ ਵੀ ਗੱਲ ਨਹੀਂ ਸੀ ਕਰਨੀ । ਇਸੇ ਲਈ ਨਾਟਕਕਾਰ ਨੇ ਮੈਨੂੰ ਨਵਾਂ ਜਨਮ ਦਿਤਾ ਏ ।

ਇਹ ਤਾਂ ਤੁਸੀਂ ਜਾਣਦੇ ਹੋ, ਮੈਂ ਭਗਤ ਸਿੰਘ ਨਹੀਂ ਹਾਂ । ਮੈਂ ਜੋ ਤੁਹਾਡੇ ਸਾਹਮਣੇ ਖਲੋਤਾ ਹਾਂ, ਇਕ ਕਲਾਕਾਰ ਹਾਂ, ਐਕਟਰ ! ਜੋ ਵਿਚਾਰ ਮੈਂ

ਪ੍ਰਗਟਾ ਰਿਹਾ ਹਾਂ, ਜਿਹੜੇ ਸ਼ਬਦ ਮੈਂ ਬੋਲ ਰਿਹਾ ਹਾਂ, ਇਹ ਮੇਰੇ ਨਹੀਂ ; ਨਾਟਕਕਾਰ ਦੇ ਹਨ ਪਰ ਇਨ੍ਹਾਂ ਵਿਚਾਰਾਂ ਦੀ ਰੂਹ ਭਗਤ ਸਿੰਘ ਦੀ ਹੀ ਹੈ। ਬਲਕਿ ਮੇਰੀ ਰੂਹ ਵੀ ਭਗਤ ਸਿੰਘ ਦੀ ਹੈ। ਹੁਣ, ਜਦੋਂ ਮੈਂ ਤੁਹਾਡੇ ਨਾਲ ਮੁਖਾਤਿਬ ਹਾਂ, ਮੇਰਾ ਕਾਇਆ ਕਲਪ ਹੋ ਰਿਹਾ ਹੈ। ਮੈਂ ਉਹੀ ਹਿਲੋਰਾ ਮਹਿਸੂਸ ਕਰ ਰਿਹਾ ਹਾਂ, ਜੋ ਸ਼ਹੀਦ ਭਗਤ ਸਿੰਘ ਦਾ ਨਾਂ ਲੈਂਦਿਆਂ ਮਿਲ ਜਾਂਦਾ ਹੈ।

(ਹੌਲੀ ਹੌਲੀ ਬੋਲਣ ਦਾ ਅੰਦਾਜ਼ ਬਦਲਦਾ ਹੈ, ਉਸ ਵਿਚ ਸ਼ਿੱਦਤ ਆਉਂਦੀ ਹੈ।)

ਮੈਂ ਇਕ ਅੱਛੂਤਾ ਖਿਆਲ ਹਾਂ, ਜਿਸ ਨੂੰ ਬੜੀ ਪਵਿੱਤਰ...ਸੱਚ ਦੀ ਕ੍ਰਾਂਤੀ ਨੇ ਜਨਮ ਦਿਤਾ ਹੈ। ਉਹ ਦਿਨ ਅਜਿਹੇ ਸਨ ਜਿਵੇਂ ਫ਼ਿਜ਼ਾ ਵਿਚ ਲੂ ਚਲ ਰਹੀ ਸੀ। ਬਗੋਲੇ ਗਰਦਿਸ਼ ਕਰ ਰਹੇ ਸਨ, ਜਜ਼ਬਾਤੀ ਝੱਖੜ ਝੁੱਲ ਰਹੇ ਸਨ।

ਇਸ ਦੇਸ਼ ਵਿਚ ਅੰਗਰੇਜ਼ਾਂ ਦੇ ਖਿਲਾਫ਼ ਇਕ ਲਾਵਾ ਉਬਲ ਰਿਹਾ ਸੀ। ਅੰਗਰੇਜ਼ ਜੋ ਧਾੜਵੀ ਸਨ, ਜਿਨ੍ਹਾਂ ਜੋਰੀਂ ਸਾਡੀ ਧਰਤੀ ਤੇ ਕਬਜ਼ਾ ਜਮਾਇਆ ਸੀ। ਲੋਕਾਂ ਵਿਚ ਅਜ਼ਾਦੀ ਪ੍ਰਾਪਤ ਕਰਨ ਦੀ ਇੱਛਾ ਇਉਂ ਸੀ ਜਿਵੇਂ ਅਸੀਂ ਅੱਗ ਡੀਕ ਰਹੇ ਹੋਈਏ। ਅਸੀਂ ਦਿਲਾਂ ਵਿਚ ਨਫ਼ਰਤ ਦੇ ਫ਼ਨੀਅਰ ਪਾਲ ਲਏ ਸਨ, ਜਿਹੜੇ ਹਰ ਘੜੀ ਹਰ ਛਿਣ, ਹਰ ਪਲ ਸਾਨੂੰ ਡੰਗਦੇ ਸਨ ਅਤੇ ਉਸ ਜ਼ਹਿਰ ਦੇ ਨਸ਼ੇ ਵਿਚ ਭਰੇ ਹੋਏ ਅਸੀਂ ਜਾਨ ਤਲੀ ਤੇ ਧਰਕੇ, ਮਾਦਰੇ ਵਤਨ ਆਜ਼ਾਦ ਕਰਵਾਉਣ ਲਈ ਮਚਲ ਰਹੇ ਸਾਂ, ਬੇਕਾਬੂ ਹੋ ਰਹੇ ਸਾਂ, ਲਹਿਰਾਂ ਵਾਂਗ, ਜਿਵੇਂ ਦਰਿਆ ਵਿਚ ਹੜ੍ਹ ਆ ਜਾਵੇ।

ਮੈਂ ਤੇ ਮੇਰੇ ਸਾਥੀ, ਉਸ ਸਮੇਂ ਅਤੇ ਉਸਤੋਂ ਪਹਿਲਾਂ ਇਸ ਮੁਲਕ ਵਿਚ, ਦੂਜੇ ਦੇਸ਼ਾਂ ਵਿਚ ਵੀ ਕਮਰ ਕੱਸ ਕਰ ਰਹੇ ਸਾਂ। ਇਕੋ ਹੀ ਜਜ਼ਬਾ ਸੀ, ਆਜ਼ਾਦੀ ਦਾ। ਇਕੋ ਹੀ ਤਹਿਰੀਕ ਸੀ, ਆਜ਼ਾਦੀ ਦੀ। ਮੈਂ ਤੇ ਮੇਰੇ ਸਾਥੀ, ਸੁਖਦੇਵ, ਰਾਜਗੁਰੂ, ਭਗਵਤੀਚਰਨ, ਚੰਦਰ ਸ਼ੇਖਰ ਆਜ਼ਾਦ, ਬਟੁਕੇਸ਼ਵਰ ਦੱਤ, ਵਿਜੇ ਕੁਮਾਰ ਸਿਨਹਾ, ਅਜਯ ਘੋਸ਼, ਜਤੀਨ ਦਾਸ ਅਤੇ ਯਸ਼ਪਾਲ ਸਾਂ ਅਤੇ ਸਾਡੇ ਹੋਰ ਬੇਲੀ ਨਾਮਵਰ ਅਤੇ ਗਮਨਾਮ ਗਿਣੇ ਅਣਗਿਣੇ, ਹਿੰਦੁਸਤਾਨ ਦੇ ਹਰ ਹਿੱਸੇ ਵਿਚ ਉਠ ਖਲੋਤੇ ਸਨ। ਗੰਗਾ, ਜਮੁਨਾ, ਰਾਵੀ, ਝਨਾਂ, ਬ੍ਰਹਮ ਪੁੱਤਰ ਤੇ ਅਣਗਿਣਤ ਦਰਿਆਵਾਂ ਦੇ ਪਾਣੀਆਂ ਨੇ ਸਾਡੇ ਵਿਚ ਆਜ਼ਾਦੀ ਦੀ ਰੂਹ ਫੂਕੀ। ਉੱਤਰ, ਦੱਖਣ, ਪੂਰਬ, ਪੱਛਮ ਵਿਚ ਝੁੱਲਦੀਆਂ ਹਵਾਵਾਂ ਨੇ ਸਾਡੇ ਵਿਚਾਰਾਂ ਨੂੰ ਉਭਾਰਿਆ ਅਤੇ ਅਸੀਂ ਕਿਹਾ 'ਹੇ ਮਾਤਾ, ਸਾਡੀ ਪਵਿੱਤਰ ਜਨਮ ਭੂਮੀ, ਤੇਰੀ ਮਿੱਟੀ ਨਾਲ ਸਾਡਾ ਜਿਸਮ ਪਲਿਆ ਹੈ, ਤੇਰੀਆਂ ਪੌਣਾਂ ਦਾ ਅਸੀਂ ਘੁੱਟ ਭਰਦੇ ਹਾਂ, ਸਾਡੇ ਸਾਹ ਤੇਰੀ ਫ਼ਿਜ਼ਾ ਵਿਚ ਘੁਲਦੇ ਹਨ। ਅਸੀਂ ਤੇਰੇ ਹੁਕਮਾਂ ਦੇ ਪਾਬੰਦ ਹਾਂ, ਤੇਰੇ ਦੇਣਦਾਰ ਹਾਂ। ਸਾਨੂੰ ਮਾਨ ਨਾਲ ਵੇਖ, ਸਾਨੂੰ ਆਸ਼ੀਰਵਾਦ ਦੇ ਅਤੇ ਸਾਡੀ ਆਹੂਤੀ ਕਬੂਲ ਕਰ।

(ਵਕਫ਼ਾ)

ਤੇ ਫੇਰ ਅਸੀਂ ਸਮੇਂ ਦੇ ਹਾਣੀ ਬਣਨ ਲਈ ਮੈਦਾਨ ਵਿਚ ਨਿੱਤਰ ਪਏ !

(ਹਨੇਰਾ) •

②

(ਰੌਸ਼ਨੀ ਹੁੰਦੀ ਹੈ ! ਭਗਤ ਸਿੰਘ ਦਾ ਪਰਛਾਵਾਂ ਨਜ਼ਰ ਆ ਰਿਹਾ ਹੈ । ਕਾਲੇ ਕਪੜੇ ਪਾਏ ਹੋਏ ਨੇ, ਚਿਹਰਾ ਸਾਫ ਵਿਖਾਈ ਨਹੀਂ ਦੇ ਰਿਹਾ ।

ਬੋਲਣ ਦਾ ਢੰਗ ਅਜੇਹਾ ਹੈ ਜਿਵੇਂ ਰੂਹ ਬੋਲ ਰਹੀ ਹੋਵੇ । ਇਸ ਦੁਨੀਆ ਦੀ ਨਹੀਂ ਕਿਸੇ ਹੋਰ ਦੁਨੀਆ ਦੀ ਆਵਾਜ਼ ਹੋਵੇ—ਭਾਰੀ ਆਵਾਜ਼)

ਭਗਤ : ਜਦੋਂ ਜਨਤਾ ਜਾਗਦੀ ਹੈ ਤਾਂ ਹਕੂਮਤਾਂ ਕੰਬ ਉਠਦੀਆਂ ਨੇ । ਤੇ ਉਹ ਹਕੂਮਤ ਜਿਸ ਦੀ ਬੁਨਿਆਦ ਜ਼ੋਰ ਜਬਰ, ਜ਼ੁਲਮ ਸਿਤਮ ਤੇ ਨਿਰਭਰ ਹੋਵੇ ਤੇ ਜੋ ਲੋਕਾਂ ਦੇ ਹੱਕਾਂ ਦੀ ਰਾਖੀ ਨਾ ਕਰੇ ਬਲਕਿ ਉਨ੍ਹਾਂ ਦਾ ਖੂਨ ਚੂਸੇ, ਉਨ੍ਹਾਂ ਨੂੰ ਲੁੱਟੇ ਤਾਂ ਅਜੇਹੀ ਹਕੂਮਤ ਆਪਣੀ ਤਾਕਤ ਖੋ ਬੈਠਦੀ ਹੈ ! ਆਪਣਾ ਯਕੀਨ ਖੋ ਬੈਠਦੀ ਹੈ ! ਜਾਗੀ ਹੋਈ ਜਨਤਾ ਦੇ ਸਾਹਮਣੇ ਉਹ ਡਰਦੀ ਹੈ—ਚੂਹੇ ਦੀ ਤਰ੍ਹਾਂ । ਉਹ ਹਕੂਮਤ ਜਿਸਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ ਉਹ ਇਕ ਅਜੇਹੀ ਇਕਾਂਤ ਦੀ ਭਾਲ ਵਿਚ ਹੈ ਜਿਥੇ ਕੋਈ ਆਦਮੀ ਨਾ ਹੋਵੇ । ਹਾਸਾ ਆਉਂਦੈ ਮੈਨੂੰ ਕਿ ਹੋਰ ਤਾਂ ਹੋਰ ਉਹ ਸਾਡੀਆਂ ਲਾਸ਼ਾਂ ਤੋਂ ਵੀ ਡਰਦੇ ਰਹੇ ।

ਇਹ ਪੁਲ ਵੇਖ ਰਹੇ ਹੋ ਤੁਸੀਂ । ਇਹ ਸਤਲੁਜ ਦਰਿਆ ਦਾ ਪੁਲ ਹੈ ! ਪਿਛਲੀ ਰਾਤ ਕਹਿਰਾਂ ਦੀ ਠੰਡ ਪੈ ਰਹੀ ਸੀ, ਏਨੀ ਠੰਡ ਕਿ ਦੰਦੋੜਿਕੇ ਵਜਦੇ ਸਨ । ਪਰ ਉਹ ਸਾਰੇ ਏਥੇ ਸਾਡੀਆਂ ਲਾਸ਼ਾਂ ਨੂੰ ਖੁਰਦ ਬੁਰਦ ਕਰਨ ਆਏ ਸੀ ! ਏਨੇ ਡਰੇ ਹੋਏ, ਸਹਿਮੇ ਹੋਏ, ਜਿੰਨਾਂ ਭੂਤਾਂ ਦੀ ਤਰ੍ਹਾਂ । ਏਥੋਂ ਤਕ ਕਿ ਉਹ ਇਕ ਦੂਸਰੇ ਦੀਆਂ ਆਵਾਜ਼ ਤੋਂ ਵੀ ਡਰੇ ਹੋਏ ਸਨ । ਉਨ੍ਹਾਂ ਨੇ ਸਾਡੀਆਂ ਲਾਸ਼ਾਂ ਦੀਆਂ ਬੋਟੀਆਂ ਬੋਟੀਆਂ ਕਰ ਦਿਤੀਆਂ । ਲੱਤਾਂ ਬਾਹਾਂ ਹੱਥ ਸਭ ਇਕ ਦੂਸਰੇ ਤੋਂ ਅਲੱਗ । ਏਥੋਂ ਤਕ ਕਿ ਉਂਗਲੀਆਂ ਤਕ ਵਖ ਕਰ ਦਿਤੀਆਂ ! ਉਸ ਵਕਤ ਮੈਂ ਮਹਿਸੂਸ ਨਹੀਂ ਸੀ ਕੀਤਾ ਪਰ ਹੁਣ ਵੇਖ ਰਿਹਾ ਹਾਂ ਕਿ ਉਨ੍ਹਾਂ ਦੇ ਵਹਿਸ਼ੀ ਤੇ ਜੱਲਾਦ ਹੱਥਾਂ ਨੇ ਸਾਡੀਆਂ ਲਾਸਾਂ ਨੂੰ ਕੱਟਕੇ ਤੇ ਜਲਾ ਕੇ ਨਾਂ ਨਿਸ਼ਾਨ ਮਿਟਾਉਣਾ ਚਾਹਿਆ ! ਪਰ ਉਹ ਝੱਲੇ ਕੀ ਜਾਣਨ ਕਿ ਸਾਡਾ ਉਹ ਵਜੂਦ ਤਾਂ ਇਕ ਬਗ਼ਾਵਤ ਸੀ ! ਸਾਡੀ ਜ਼ਿੰਦਗੀ ਬਗਾਵਤ ਸੀ, ਸਾਡੀ ਮੌਤ ਬਗ਼ਾਵਤ ਸੀ ! ਬਗ਼ਾਵਤ ਦੇ ਖਿਆਲਾ ਨੂੰ ਉਨ੍ਹਾਂ ਨੇ ਖਤਮ ਕਰਨ ਦੀ ਕੋਸ਼ਿਸ਼ ਕੀਤੀ—ਇਕ ਫਜ਼ੂਲ ਕੋਸ਼ਿਸ਼ ! ਕਿਉਂ ਕਿ ਖਿਆਲਾਂ ਦੇ ਪਿਛੇ ਇਕ ਸੋਚ ਹੁੰਦੀ ਹੈ, ਜਦੋ-ਜਹਿਦ ਹੁੰਦੀ ਹੈ, ਤਵਾਰੀਖੀ ਸਿਲਸਿਲੇ ਹੁੰਦੇ ਨੇ, ਰਫਤਾਰ ਹੁੰਦੀ ਹੈ, ਜਿਸਨੂੰ ਕੋਈ ਹਕੂਮਤ ਤੇ ਜ਼ੁਲਮ ਨਹੀਂ ਰੋਕ ਸਕਦਾ ।

ਪਰ ਅੱਜ ਜਦੋਂ ਕਿ ਮੈਂ ਨਵਾਂ ਜਨਮ ਲਿਆ ਹੈ। ਹੁਣ ਤੁਹਾਡੇ ਸਾਹਮਣੇ ਖੜ੍ਹਾ ਹਾਂ ਤਾਂ ਮਹਿਸੂਸ ਕਰ ਰਿਹਾਂ ਕਿ ਸਾਡੀਆਂ ਕੁਰਬਾਨੀਆਂ, ਸਾਡੀ ਮੌਤ ਅਜਾਈਂ ਹੀ ਗਈ ! ਕਿਉਂਕਿ ਸਾਡੇ ਉਨ੍ਹਾਂ ਖਿਆਲਾਂ ਤੇ ਮਕਸਦ ਦੀ

ਪੂਰਤੀ ਕਿੱਥੇ ਹੋਈ ਹੈ ? ਕਿਸਾਨ ਅੱਜ ਵੀ ਭੁੱਖੇ ਨੇ । ਮਜ਼ਦੂਰ ਦੀ ਮਿਹਨਤ ਅੱਜ ਵੀ ਪੂੰਜੀਪਤੀ ਖਾ ਰਹੇ ਨੇ । ਜਨਤਾ ਅੱਜ ਵੀ ਪਰੇਸ਼ਾਨ ਹੈ ਬਲਕਿ ਬੁਰੀ ਹਾਲਤ ਵਿਚ ਹੈ ! ਅਸੀਂ ਅਜੇ ਵੀ ਸਿਫਰ ਤੋਂ ਸਿਫਰ ਤਕ ਹੀ ਜੀ ਰਹੇ ਹਾਂ । ਅਸੀਂ ਰੂਹਾਂ ਦੀ ਤਰ੍ਹਾਂ ਭਟਕ ਰਹੇ ਹਾਂ, ਕਿਉਂਕਿ ਸਾਡੇ ਮਕਸਦ ਅਜੇ ਪੂਰੇ ਨਹੀਂ ਹੋਏ ! ਇਸ ਲਈ ਅੱਜ ਅਸੀਂ ਇਸਦਾ ਭਾਰ ਤੁਹਾਡੇ ਮੋਢਿਆਂ ਤੇ ਸੁੱਟਦੇ ਹਾਂ, ਤੁਹਾਨੂੰ ਸੌਂਪਦੇ ਹਾਂ ! ਕੀ ਸਾਡੇ ਏਡੇ ਵੱਡੇ ਦੇਸ਼ ਵਿਚ ਕੋਈ ਦੇਸ਼ ਭਗਤ ਨਹੀਂ ? ਕੀ ਉਹ ਆਜ਼ਾਦੀ ਦੇ ਜਜ਼ਬੇ ਜੋ ਸਾਡੇ ਮਨਾਂ ਵਿਚ ਸਨ, ਮਰ ਗਏ ਹਨ ? ਕੀ ਸਾਡੀ ਕੌਮ ਸੌਂ ਗਈ ਹੈ ? ਕੀ ਮਜ਼ਦੂਰ ਤੇ ਕਿਸਾਨ ਆਪਣੇ ਹੱਕਾਂ ਲਈ ਲੜ ਨਹੀਂ ਸਕਦੇ ? ਮੈਨੂੰ ਵਿਸ਼ਵਾਸ ਨਹੀਂ ਆ ਰਿਹਾ—ਵਿਸ਼ਵਾਸ ਆਏਗਾ ਵੀ ਨਹੀਂ, ਕਿਉਂਕਿ ਇਨਕਲਾਬ ਜ਼ਿੰਦਗੀ ਲਈ ਲਾਜ਼ਮੀ ਹੈ । ਇਨਕਲਾਬ ਜ਼ਿੰਦਗੀ ਦਾ ਨਿਯਮ ਹੈ । ਇਨਕਲਾਬ ਦੀ ਰਫਤਾਰ ਕੋਈ ਤਾਕਤ ਨਹੀਂ ਰੋਕ ਸਕਦੀ ! ਮੇਰੇ ਤੇ ਤੁਹਾਡੇ ਦਰਮਿਆਨ ਮੌਤ ਦੀ ਵਾਦੀ ਹੈ । ਮੈਂ ਤੁਹਾਨੂੰ ਦੇਖ ਨਹੀਂ ਸਕਦਾ, ਨਹੀਂ ਤਾਂ ਹੁਣੇ ਹੀ ਤੁਹਾਡੇ ਵਿਚੋਂ ਕਿਸੇ ਤੇ ਉਂਗਲੀ ਰੱਖ ਕੇ ਇਸ਼ਾਰਾ ਕਰਦਾ ਕਿ ਤੂੰ ਭਗਤ ਸਿੰਘ ਹੈਂ, ਤੂੰ ਰਾਜਗੁਰੂ ਹੈਂ, ਤੂੰ ਸੁਖਦੇਵ ਹੈਂ । ਤੁਸੀਂ ਉਨ੍ਹਾਂ ਨਾਲੋਂ ਵੀ ਵਧ ਹੋ ਕਿਉਂਕਿ ਤੁਸੀਂ ਜ਼ਿੰਦਾ ਹੋ ! ਹੁਣ ਇਹ ਭਾਰ ਤੁਹਾਡੇ ਤੇ ਹੈ, ਇਹ ਜ਼ਿਮੇਦਾਰੀ ਤੁਹਾਡੀ ਹੈ ਕਿ ਤੁਸੀਂ ਇਨਕਲਾਬ ਦੀ ਰਫਤਾਰ ਨੂੰ ਤੇਜ਼ ਕਰੋ । ਆਪਣੀ ਜਾਨ ਦੀ ਬਾਜ਼ੀ ਲਾ ਕੇ ਇਨਕਲਾਬ ਦੀ ਰਫਤਾਰ ਤੇਜ਼ ਕਰੋ !


(ਹੌਲੀ ਹੌਲੀ ਜਜ਼ਬਾਤੀ ਹੁੰਦਿਆਂ ਹੋਇਆਂ)

ਇਨਕਲਾਬ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ


(ਹਨੇਰਾ)

(ਪਰਦਾ ਗਿਰਦਾ ਹੈ)

●

MINT
AUTO BODY LTD.



Phone: 433-1207 ALIGNMENT and FRAME

■ Repair All Makes and Models ■

All Work Fully Guaranteed :: Courtesy Cars Available

Bhupinder (Bob) Sihota

MINT AUTO BODY LTD.
5590 Lane Street, Burnaby, B.C. V5H 2H5

ਮਿੰਟ ਆਟੋ ਬਾਡੀ ਸ਼ਾਪ ਬਰਨਬੀ ਬੀ. ਸੀ. - ਭੁਪਿੰਦਰ ਸਿਹੋਤਾ

# ਦੋ ਯਾਦਾਂ : ਦੋ ਘਟਨਾਵਾਂ

ਸ਼ਿਵ ਵਰਮਾ

•

ਇਹ ਘਟਨਾਵਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਸੁਖਦੇਵ ਦੇ ਸਾਥੀ ਸ਼ਿਵ ਵਰਮਾ ਦੀ ਪੁਸਤਕ '23 ਮਾਰਚ ਦੇ ਸ਼ਹੀਦ' ਵਿੱਚੋਂ ਹਨ।

ਪਹਿਲੀ ਘਟਨਾ 'ਕਾਕੋਰੀ ਕੇਸ' ਦੇ ਕੈਦੀ ਰਾਮ ਪ੍ਰਸ਼ਾਦ ਬਿਸਮਿਲ ਨੂੰ ਜੇਲ੍ਹ ਵਿਚੋਂ ਛੁਡਾਉਣ ਦੀ ਯੋਜਨਾ ਨਾਲ ਸੰਬੰਧਤ ਹੈ।

ਦੂਜੀ ਘਟਨਾ ਵਿੱਚ ਭਗਤ ਸਿੰਘ ਅਤੇ ਫਨੀਂਦਰ ਘੋਸ਼ ਦੀ ਇੱਕ ਬਹਿਸ ਸ਼ਾਮਲ ਜੋ ਰੱਬ, ਧਰਮ ਅਤੇ ਨਾਸਤਕਤਾ ਬਾਰੇ ਭਗਤ ਸਿੰਘ ਦੇ ਵਿਚਾਰਾਂ ਨੂੰ ਸਪੱਸ਼ਟ ਤੌਰ ਤੇ ਪੇਸ਼ ਕਰਦੀ ਹੈ।

ਸਤੰਬਰ 1928 ਵਿਚ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਦੀ ਪਹਿਲੀ ਕੇਂਦਰੀ ਕਮੇਟੀ ਦੇ ਮੈਂਬਰ ਇਸ ਪਰਕਾਰ ਸਨ :

- ਪਰਚਾਰ ਅਤੇ ਅੰਤਰ-ਪ੍ਰਾਂਤਕ ਮੇਲ-ਜੋਲ :
  - ਭਗਤ ਸਿੰਘ
  - ਵਿਜੇ ਕੁਮਾਰ ਸਿਨਹਾ
- ਪ੍ਰਾਂਤਕ ਸੰਗਠਨ ਕਰਤਾ :
  - ਸੁਖਦੇਵ ( ਪੰਜਾਬ)
  - ਫਨੀਂਦਰ ਘੋਸ਼ ( ਬਿਹਾਰ )
  - ਕੁੰਦਨ ਲਾਲ ( ਰਾਜਿਸਥਾਨ)
  - ਸ਼ਿਵ ਵਰਮਾ ( ਉੱਤਰ ਪ੍ਰਦੇਸ਼ )
- ਕਮਾਂਡਰ :
  - ਚੰਦਰ ਸ਼ੇਖਰ ਆਜ਼ਾਦ

•

## ①

ਦੋ ਤਿੰਨ ਦਿਨ ਬਾਅਦ ਵਿਜੇ ਨੇ ਬਿਸਮਿਲ ਉਤੇ ਹੋਣ ਵਾਲੀ ਸਖਤੀ ਅਤੇ ਅਧਿਕਾਰੀਆਂ ਦੇ ਚੁਕੰਨੇ ਹੋਣ ਦੀ ਖਬਰ ਦਿੱਤੀ ਅਤੇ ਦਸਿਆ ਕਿ ਉਸ ਨੂੰ ਛੁਡਾਉਣ ਦੇ ਸਾਰੇ ਮਨਸੂਬੇ ਸਾਨੂੰ ਛੱਡਣੇ ਪੈਣਗੇ। ਇਸ ਖਬਰ ਨੇ ਭਗਤ ਸਿੰਘ ਦੀਆਂ ਸਾਰੀਆਂ ਸਕੀਮਾਂ ਫਿਹਲ ਕਰ ਕੇ ਰੱਖ ਦਿੱਤੀਆਂ ਤੇ ਉਸ ਦੇ ਸਾਰੇ ਸੁਪਨੇ ਟੁੱਟ ਗਏ ਬੜੀਆਂ ਮੁਸ਼ਕਲਾਂ ਮਗਰੋਂ ਬਿਸਮਿਲ ਦੀ ਲਿਖੀ ਹੋਈ ਇਕ ਗਜ਼ਲ ਵਿਜੇ ਦੇ ਹੱਥ ਲੱਗੀ ਸੀ। ਇਹ ਗਜ਼ਲ ਸ਼ਾਇਦ ਉਸ ਨੇ ਸਾਡੀਆਂ ਯੋਜਨਾਵਾਂ ਸਿਰੇ ਚੜ੍ਹਦੀਆਂ ਨਾ ਵੇਖ ਕੇ ਹੀ ਇਕ ਉਲ੍ਹਾਮੇ ਦੇ ਤੌਰ ਤੇ ਲਿਖੀ ਸੀ ਤੇ ਇਸ ਨੂੰ ਅਧਿਕਾਰੀਆਂ ਨੇ ਸ਼ਾਇਦ ਪ੍ਰੇਮ ਦੀ ਇਕ ਸਾਧਾਰਣ ਕਵਿਤਾ ਸਮਝ ਕੇ ਪਾਸ ਕਰ ਦਿੱਤਾ ਸੀ। ਇਸ ਸਮੇਂ ਗਜ਼ਲ ਦੀਆਂ ਕੁਝ ਸਤਰਾਂ ਮੈਨੂੰ ਯਾਦ ਹਨ। ਜਿਹੜੀਆਂ ਇਸ ਤਰ੍ਹਾਂ ਹਨ :

ਮਿਟ ਗਿਆ ਜਬ ਮਿਟਨੇ ਵਾਲਾ ਫਿਰ ਸਲਾਮ ਆਇਆ ਤੋ ਕਿਆ,  
ਦਿਲ ਕੀ ਬਰਬਾਦੀ ਕੇ ਬਾਦ ਉਸਕਾ ਪਿਆਮ[1] ਆਇਆ ਤੋ ਕਿਆ ?  
ਮਿਟ ਗਈਂ ਜਬ ਸਭ ਉਮੀਦੇਂ ਮਿਟ ਗਏ ਸਾਰੇ ਖਿਆਲ,  
ਉਸ ਘੜੀ ਗਰ ਨਾਮਬਰ[2] ਲੇਕਰ ਪਿਆਮ ਆਇਆ ਤੋ ਕਿਆ ?  
ਐ ਦਿਲੇ ਨਾਦਾਨ ਮਿਟ ਜਾ ਅਬ ਤੂੰ ਕੂਏ ਯਾਰ[3] ਮੇਂ,  
ਫਿਰ ਮੇਰੀ ਨਾਕਾਮੀਉਂ ਕੇ ਬਾਅਦ ਕਾਮ ਆਇਆ ਤੋ ਕਿਆ ?  
ਕਾਸ਼ ! ਆਪਣੀ ਜ਼ਿੰਦਗੀ ਮੇਂ ਹਮ ਵੋਹ ਮੰਜ਼ਰ[4] ਦੇਖਤੇ,  
ਬਰ ਸਰੇ ਤੁਰਬਤ[5] ਕੋਈ ਮਹਸ਼ਰ ਖਰਾਮ[6] ਆਇਆ ਤੋ ਕਿਆ ?  
ਆਖਰੀ ਸ਼ਬ[7] ਦੀਦ ਕੇ ਕਾਬਿਲ ਥੀ ਬਿਸਮਿਲ ਕੀ ਤੜਪ,  
ਸੁਬੋਹ ਦਮ ਕੋਈ ਅਗਰ ਬਾਲਾਏ ਬਾਮ[8] ਆਇਆ ਤੋ ਕਿਆ ?

ਭਗਤ ਸਿੰਘ ਨੇ ਵਿਜੇ ਦੇ ਹੱਥੋਂ ਪਰਚਾ ਲੈ ਕੇ ਪੜ੍ਹਿਆ। ਬਿਸਮਿਲ ਦਾ ਇਸ਼ਾਰਾ ਸਾਫ ਤਾਂ ਸੀ—ਜੇ ਕਰਨਾ ਹੈ ਤਾਂ ਜਲਦੀ ਕਰੋ, ਬਾਅਦ ਵਿਚ ਰੱਸੇ ਨਾਲ ਲਟਕਦੀ ਮੇਰੀ ਲਾਸ਼ ਨੂੰ ਛੁਡਾ ਵੀ ਲਿਆ ਤਾਂ ਉਹ ਤੁਹਾਡੇ ਕਿਸ ਕੰਮ ਦੀ ? ਕਾਗਜ਼ ਦਾ ਉਹ ਟੁਕੜਾ ਉਸ ਦੇ ਹੱਥ ਚੋਂ ਛੁਟ ਕੇ ਜ਼ਮੀਨ ਤੇ ਡਿਗ ਪਿਆ ਅਤੇ ਉਹ ਮੱਥੇ ਤੇ ਹੱਥ ਰਖ ਕੇ ਪੱਥਰ ਦੀ ਬੇਜਾਨ ਮੂਰਤੀ ਵਾਂਗ ਕੰਧ ਨਾਲ ਇਕ ਪਾਸੇ ਲਗ ਗਿਆ। ਹੁਣ ਹੋਰ ਗੱਲ ਕਰਨੀ ਉਸ ਦਿਨ ਕਿਸੇ ਲਈ ਵੀ ਸੰਵਵ ਨਹੀਂ ਸੀ। ਵਿਜੇ ਤੇ ਸੁਰੇਂਦਰ ਚਲੇ ਗਏ ਅਤੇ ਭਗਤ ਸਿੰਘ ਚੁਪ ਚਾਪ ਉਠ ਕੇ ਬਿਨਾ ਕੁਝ ਬੋਲੇ ਗੰਗਾ ਵਲ ਨੂੰ ਤੁਰ ਪਿਆ।

ਕਾਫੀ ਰਾਤ ਬੀਤ ਜਾਣ ਤੇ ਜਦੋਂ ਮੈਂ ਤੇ ਜੈ ਦੇਵ ਉਸ ਦੀ ਭਾਲ ਵਿਚ ਗੰਗਾ ਦੇ ਕੰਢੇ ਪਹੁੰਚੇ ਤਾਂ ਉਸ ਵੇਲੇ ਭੀ ਉਹ ਮੱਥੇ ਉਤੇ ਹੱਥ ਰੱਖ ਕੇ ਠੰਢੀ ਰੇਤ ਉਤੇ ਉਸੇ ਤਰ੍ਹਾਂ ਪੱਥਰ ਦੀ ਮੂਰਤੀ ਬਣੀ ਬੈਠਾ ਸੀ। ਅਸੀਂ ਕੋਲ ਜਾ ਕੇ ਉਸ ਦੇ ਮੋਢਿਆਂ ਤੇ ਹੱਥ ਰਖਿਆ ਅਤੇ ਉਸ ਨੂੰ ਕਮਰੇ ਵਿਚ ਵਾਪਸ ਜਾਣ ਲਈ ਕਿਹਾ। ਉਹ ਚੁਪ ਚਾਪ ਉਠਿਆ ਤੇ ਪਰਛਾਵੇਂ ਵਾਂਗ ਸਾਡੇ ਪਿਛੇ ਪਿਛੇ ਤੁਰ ਪਿਆ। ਰਸਤੇ ਵਿਚ ਵੀ ਉਸ ਦੇ ਮੂੰਹੋਂ ਕੋਈ ਲਫਜ਼ ਨਾ ਨਿਕਲ ਸਕਿਆ।

ਕਈ ਮਹੀਨਿਆਂ ਦੀ ਮਿਹਨਤ ਨਾਲ ਜਿਥੇ ਕੁਝ ਵੀ ਨਹੀਂ ਸੀ, ਉਥੇ ਉਸ ਨੇ ਸੰਗਠਨ ਦਾ ਇਕ ਢਾਂਚਾ ਖੜਾ ਕੀਤਾ, ਯੋਜਨਾ ਬਣਾਈ, ਹਥਿਆਰ ਜਮ੍ਹਾਂ ਕੀਤੇ,ਸਾਥੀ ਇਕੱਠੇ ਕੀਤੇ ਅਤੇ ਜਦੋਂ ਮੰਜ਼ਲ ਨਜ਼ਦੀਕ ਆਉਣ ਲੱਗੀ ਅਤੇ ਉਸ ਨੂੰ ਲਗਿਆ ਕਿ ਉਹ ਕੁਝ ਕਰਨ ਯੋਗ ਹੋ ਸਕੇਗਾ ਤਾਂ ਅਚਾਨਕ ਸਭ ਕੁਝ ਉਲਟ ਗਿਆ। ਰਹਿ ਗਿਆ ਸੀ ਸਿਰਫ ਬਿਸਮਲ ਦਾ ਉਲ੍ਹਾਮਾ। ਭਾਵੇਂ ਭਗਤ ਸਿੰਘ ਨੂੰ ਇਸ ਨਾਲ ਬਹੁਤ ਸੱਟ ਵੱਜੀ ਪਰ ਉਸ ਨੇ ਇਕ ਦਿਨ ਵਿਚ ਹੀ ਆਪਣੇ ਆਪ ਉਤੇ ਕਾਬੂ ਪਾ ਲਿਆ ਸੀ।

ਦੂਜੇ ਦਿਨ ਉਹ ਆਪ ਹੀ ਬੋਲਿਆ,"ਅਸਫਲਤਾਵਾਂ ਦੇ ਸਾਹਮਣੇ ਸਿਰ ਝੁਕਾ ਣ ਨਾਲ ਤਾਂ ਰਸਤਾ ਹੀ ਗੁਆਚ ਜਾਵੇਗਾ ਤੇ ਫਿਰ ਰਸਤੇ ਦੇ ਰੋੜੇ ਹਟਾ ਕੇ ਗੇ ਵਧਣ ਦੀ ਬਜਾਏ ਆਪ ਹੀ ਦੂਜਿਆਂ ਲਈ ਰਸਤੇ ਦਾ ਰੋੜਾ ਬਣ ਕੇ ਬਹਿ ਾਵਾਂਗੇ।" ਉਸ ਨੇ ਸਾਰੇ ਸਾਥੀਆਂ ਨੂੰ ਇਕੱਠੇ ਕਰ ਕੇ ਸੰਗਠਨ ਅਤੇ ਪ੍ਰਚਾਰ ਦੀ ਮੱਸਿਆ ਉਤੇ ਗੱਲ-ਬਾਤ ਕੀਤੀ, ਅਗਾਂਹ ਦਾ ਪ੍ਰੋਗਰਾਮ ਬਣਾਇਆ ਤੇ ਛੇਤੀ ਾਪਸ ਆਉਣ ਦਾ ਵਾਇਦਾ ਕਰ ਕੇ ਪੰਜਾਬ ਚਲੇ ਗਿਆ। ਇਹ 1927 ਦੇ ਅਰੰਭ ੇ ਦਿਨਾਂ ਦੀ ਗੱਲ ਹੈ।

(੨)

ਭਗਤ ਸਿੰਘ ਸਾਮਰਾਜਵਾਦ ਅਤੇ ਲੁੱਟ ਖਸੁੱਟ ਦਾ ਵਿਰੋਧੀ ਹੋਣ ਦੇ ਨਾਲ ਲ ਰੱਬ ਤੇ ਧਰਮ ਦਾ ਵੀ ਵਿਰੋਧੀ ਸੀ। ਹਮੇਸ਼ਾਂ ਆਪਣੇ ਆਪ ਨੂੰ ਨਾਸਤਿਕ ਕਿਹਾ ਕਰਦਾ ਸੀ। ਜੇਲ੍ਹ ਜੀਵਨ ਵਿਚ ਉਸ ਦੀ ਡੂੰਘੀ ਪੜ੍ਹਾਈ ਨੇ ਰੱਬ ਦੀ ਦ ਦੇ ਖਿਲਾਫ਼ ਉਸ ਦੇ ਵਿਚਾਰ ਹੋਰ ਵੀ ਪਕੇਰੇ ਕਰ ਦਿੱਤੇ ਸਨ।

1928 ਦੀ ਦਿੱਲੀ ਮੀਟਿੰਗ ਦੇ ਬਾਅਦ ਫਨੀਂਦਰ ਨਾਥ ਘੋਸ਼ ਕੁਝ ਨਾਂ ਲਈ ਮੇਰੇ ਕੋਲ ਪੰਜਾਬ ਆ ਗਿਆ ਸੀ। ਉਹ ਆਪਣੇ ਆਪ ਨੂੰ ਰੱਬ ਦਾ ਗਤ, ਧਰਮੀ ਤੇ ਆਦਰਸ਼ਵਾਦੀ ਸਮਝਦਾ ਸੀ। ਉਸ ਵੇਲੇ ਮੈਂ ਅੰਮ੍ਰਿਤਸਰ ਰ ਇਕ ਮਕਾਨ ਲੈ ਕੇ ਰਹਿੰਦਾ ਸਾਂ। ਇਕ ਦਿਨ ਭਗਤ ਸਿੰਘ ਵੀ ਲਾਹੌਰੋਂ ਆ ਗਿਆ। ਪ੍ਰਸੰਗ ਕਿਥੋਂ ਸ਼ੁਰੂ ਹੋਇਆ, ਇਹ ਤਾਂ ਯਾਦ ਨਹੀਂ। ਗੱਲ ਘੁੰਮਦੀ ਮਦੀ ਰੱਬ ਤੇ ਆ ਗਈ। ਭਗਤ ਸਿੰਘ ਦੀ ਕਿਸੇ ਗੱਲ ਦੇ ਜੁਆਬ ਵਿਚ, ਨੀਂਦਰ ਨੇ ਇਕ ਲੰਮਾ ਚੌੜਾ ਉਪਦੇਸ਼ ਦੇ ਮਾਰਿਆ। ਗੱਲ ਗੱਲ ਤੇ ਗਿਆਨ ਖਾਣਾ ਉਸ ਦੀ ਆਦਤ ਸੀ।

"ਇਸ ਝੂਠੇ ਸੰਸਾਰ ਵਿਚ ਮਾਇਆ ਜਾਲ ਤੋਂ ਦੂਰ ਰਹਿ ਕੇ, ਮਾਡਾ ਕ੍ਰਾਂਤੀ- ਰੀਆਂ ਦਾ ਕੰਮ, ਨਿਸ਼ਕਾਮ ਭਾਵ ਨਾਲ ਆਪਣੇ ਫਰਜ਼ ਨੂੰ ਪੂਰਾ ਕਰਦੇ ਰਹਿਣਾ । ਸਫਲਤਾ ਜਾਂ ਅਸਫਲਤਾ ਤਾ ਉਸ ਸਰਵ ਸ਼ਕਤੀਮਾਨ ਪਰਮ ਪਿਤਾ ਦੇ ਹੱਥ । ਜੇ ਉਸ ਨੇ ਭਾਰਤੀਆਂ ਨੂੰ ਕੁਝ ਦਿਨ ਲਈ ਹੋਰ ਗ਼ੁਲਾਮ ਰੱਖਣਾ ਹੋਵੇ ਤਾਂ ਨੀਆਂ ਦੀ ਕੋਈ ਤਾਕਤ ਉਨ੍ਹਾਂ ਨੂੰ ਆਜ਼ਾਦ ਨਹੀਂ ਕਰਾ ਸਕਦੀ। ਸਭ ਕੁਝ ਉਸ ੀ ਮਰਜ਼ੀ ਨਾਲ ਹੀ ਹੁੰਦਾ ਹੈ। ਅਤੇ ਅਸੀਂ ਉਸ ਦੇ ਹੱਥਾਂ ਦੀਆਂ ਕੱਠਪੁਤਲੀਆਂ ," ਇਸ ਤਰ੍ਹਾਂ ਦੀਆਂ ਕਈ ਹੋਰ ਟੁੱਟੀਆਂ ਭੱਜੀਆਂ ਗੱਲਾਂ ਉਸ ਨੇ ਕੀਤੀਆਂ ਜਨ੍ਹਾਂ ਦਾ ਨਿਚੋੜ ਇਹ ਸੀ ਕਿ ਇਹ ਗੁਲਾਮੀ ਭਾਰਤੀਆਂ ਨੂੰ ਧਰਮ ਤੋਂ ਮੂੰਹ ਮੋੜ ਣ ਦੀ ਸਜ਼ਾ ਮਿਲੀ ਹੈ ਅਤੇ ਜਦ ਤਕ ਉਹ ਧਰਮ ਦਾ ਪੱਲਾ ਨਹੀਂ ਫੜਦੇ ਤੇ ਜਦ ਤਕ ਰੱਬ ਉਹਨਾਂ ਨੂੰ, ਉਨ੍ਹਾਂ ਦੇ ਪੁਰਾਣੇ ਪਾਪਾਂ ਦੇ ਲਈ ਮੁਆਫ਼ ਨਹੀਂ ਰ ਦਿੰਦਾ, ਤਦ ਤਕ ਸਭ ਕੁਝ ਇਸੇ ਤਰ੍ਹਾਂ ਚਲੇਗਾ।

ਭਗਤ ਸਿੰਘ ਅਕਸਰ ਆਪਣੇ ਸਾਥੀਆਂ ਵਿਚਕਾਰ ਬਹਿਸ ਕਿਸੇ ਸਮੱਸਿਆ ਹੀ ਕਰਦਾ ਸੀ। ਉਨ੍ਹਾਂ ਬਹਿਸਾਂ ਵਿਚ ਉਸ ਨੂੰ ਗਰਮ ਹੁੰਦੇ ਮੈਂ ਕਦੇ ਨਹੀਂ ੀ ਵੇਖਿਆ। ਉਸ ਦਿਨ ਵੀ ਉਸ ਨੇ ਸਾਧਾਰਣ ਲਹਿਜੇ ਵਿਚ ਹੀ ਗੱਲ ਕੀਤੀ ਰ ਉਸ ਦਾ ਹਰ ਸ਼ਬਦ ਤੋਲਿਆ ਹੋਇਆ ਸੀ। ਉਸ ਨੇ ਕਿਹਾ :—

"ਤੁਹਾਡਾ ਰਾਹ ਕਰਮਹੀਣਤਾ ਦਾ ਹੈ, ਸਭ ਕੁਝ ਭਗਵਾਨ ਦੇ ਆਸਰੇ ਛੱਡ ੇ ਹੱਥ ਤੇ ਹੱਥ ਰੱਖ ਕੇ ਬੈਠ ਜਾਣ ਦਾ ਰਾਹ ਹੈ, ਨਿਸ਼ਕਾਮ ਕਰਮ ਦੀ ਆੜ ਵਿਚ ਾਗਵਾਦ ਦੀ ਘੁੱਟੀ ਪਿਆ ਕੇ ਦੇਸ਼ ਦੀ ਜੁਆਨੀ ਨੂੰ ਸੁਆਉਣ ਦਾ ਰਾਹ ਹੈ। ਹ ਕਦੀ ਵੀ ਮੇਰਾ ਰਸਤਾ ਨਹੀਂ ਬਣ ਸਕਦਾ। ਜੋ ਲੋਕ ਇਸ ਜੱਗ ਨੂੰ ਝੂਠਾ ਮਝਦੇ ਹਨ, ਇਸ ਦੇਸ਼ ਅਤੇ ਇਸ ਦੇ ਵਾਸੀਆਂ ਨੂੰ ਪਰਛਾਵਾਂ ਜਾਂ ਮਾਇਆ ਜਾਲ ਸਦੇ ਹਨ, ਉਹ ਕਦੀ ਵੀ ਦੁਨੀਆਂ ਦੀ ਭਲਾਈ ਜਾਂ ਇਸ ਦੇਸ਼ ਦੀ ਆਜ਼ਾਦੀ ਲਈ ਈਮਾਨਦਾਰੀ ਨਾਲ ਨਹੀਂ ਲੜ ਸਕਦੇ। ਜੋ ਝੂਠਾ ਹੈ, ਪਰਛਾਵਾਂ ਹੈ, ਉਸ ਲਈ ਜਦੋ-ਜਹਿਦ ਕਾਹਦੀ ?"

ਫਿਰ ਕੁਝ ਉਤੇਜਿਤ ਹੁੰਦੇ ਹੋਏ ਉਸ ਨੇ ਕਿਹਾ, "ਮੈਂ ਇਸ ਸੰਸਾਰ ਨੂੰ ਝੂਠਾ ਨਹੀਂ ਮੰਨਦਾ। ਦੇਸ਼ ਮੇਰਾ ਨਾ ਪਰਛਾਵਾਂ ਹੈ, ਨਾ ਮਾਇਆ ਜਾਲ। ਉਹ ਇਕ ਜਿਉਂਦੀ ਜਾਗਦੀ ਅਸਲੀਅਤ ਹੈ। ਇਕ ਹੁਸੀਨ ਹਕੀਕਤ ਹੈ ਅਤੇ ਮੈਂ ਉਸ ਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਤੋਂ ਸਿਵਾਏ ਨਾ ਦੂਸਰੀ ਦੁਨੀਆਂ ਹੈ, ਨਾ ਸਵਰਗ। ਇਹ ਠੀਕ ਹੈ ਕਿ ਥੋੜ੍ਹੇ ਜਿਹੇ ਆਦਮੀਆਂ ਨੇ ਆਪਣੇ ਸੁਆਰਥ ਵਾਸਤੇ ਇਸ ਦੁਨੀਆਂ ਨੂੰ ਨਰਕ ਬਣਾ ਦਿੱਤਾ ਹੈ। ਪਰ ਇਸੇ ਲਈ ਇਸ ਨੂੰ ਝੂਠਾ ਕਹਿ ਕੇ ਦੌੜਨ ਨਾਲ ਕੰਮ ਨਹੀਂ ਚਲੇਗਾ। ਲੁਟੇਰਿਆਂ ਅਤੇ ਦੂਜਿਆਂ ਨੂੰ ਗ਼ੁਲਾਮ ਰੱਖਣ ਵਾਲਿਆਂ ਨੂੰ ਖ਼ਤਮ ਕਰ ਕੇ, ਇਸ ਪਵਿੱਤਰ ਧਰਤੀ ਤੇ ਫਿਰ ਸਵਰਗ ਸਥਾਪਿਤ ਕਰਨਾ ਪਵੇਗਾ।"

ਆਪਣੀ ਗੱਲ ਨੂੰ ਹੋਰ ਵੀ ਸਾਫ਼ ਕਰਦਿਆਂ ਉਸ ਨੇ ਕਿਹਾ, "ਤੁਸੀਂ ਸਰਬ-ਸ਼ਕਤੀਮਾਨ ਰੱਬ ਦੀ ਗੱਲ ਕਰਦੇ ਹੋ, ਮੈਂ ਪੁੱਛਦਾ ਹਾਂ ਸਰਬ-ਸ਼ਕਤੀਮਾਨ ਹੋ ਕੇ ਵੀ, ਤੁਹਾਡਾ ਰੱਬ, ਅਨਿਆਂ, ਅਤਿਆਚਾਰ, ਭੁੱਖ, ਗ਼ਰੀਬੀ, ਲੁੱਟ-ਖਸੁੱਟ, ਅਸਮਾਨਤਾ, ਦਾਸਤਾ, ਮਹਾਂਮਾਰੀ, ਹਿੰਸਾ ਤੇ ਯੁੱਧ ਆਦਿ ਦਾ ਅੰਤ ਕਿਉਂ ਨਹੀਂ ਕਰਦਾ ? ਇਸ ਸਭ ਕਾਸੇ ਨੂੰ ਖ਼ਤਮ ਕਰਨ ਦੀ ਸ਼ਕਤੀ ਰੱਖਦੇ ਹੋਏ ਵੀ ਜੇ ਉਹ ਮਨੁੱਖਤਾ ਨੂੰ ਇਨ੍ਹਾਂ ਸਰਾਪਾਂ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ ਤਾਂ ਉਸ ਨੂੰ ਜ਼ਰੂਰ ਹੀ ਚੰਗਾ ਭਗਵਾਨ ਨਹੀਂ ਕਿਹਾ ਜਾ ਸਕਦਾ ਅਤੇ ਜੇ ਉਸ ਵਿਚ ਇਹ ਕਰਨ ਦੀ ਸ਼ਕਤੀ ਨਹੀਂ ਹੈ ਤਾਂ ਉਹ ਸਰਬ-ਸ਼ਕਤੀਮਾਨ ਨਹੀਂ। ਜੇ ਇਹ ਸਭ ਕੁਝ ਉਹ ਆਪਣੀ ਖੇਡ ਦੇ ਤੌਰ ਤੇ ਆਪਣੀ ਲੀਲ੍ਹਾ ਦਿਖਾਉਣ ਵਾਸਤੇ ਕਰਦਾ ਹੈ ਤਾਂ ਫਿਰ ਇਹੀ ਕਹਿਣਾ ਪਵੇਗਾ ਕਿ ਉਹ ਬੇ-ਸਹਾਰਾ ਮਨੁੱਖਾਂ ਨੂੰ ਤੜਪਾ ਕੇ ਮਜ਼ਾ ਲੈਣ ਵਾਲੀ ਇਕ ਨਿਰਦਈ ਤੇ ਬੇ-ਰਹਿਮ ਸ਼ਕਤੀ ਹੈ ਅਤੇ ਲੋਕ ਹਿਤ ਵਾਸਤੇ ਉਸ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਨਾ ਹੀ ਠੀਕ ਹੈ। ਮਾਇਆਵਾਦ, ਭਾਗਵਾਦ, ਈਸ਼ਵਰਵਾਦ ਆਦਿ ਨੂੰ ਮੈਂ ਥੋੜ੍ਹੇ ਜਿਹੇ ਸ਼ਕਤੀ ਰੱਖਦੇ ਲੁਟੇਰਿਆਂ ਰਾਹੀਂ ਜਨ ਸਾਧਾਰਨ ਨੂੰ ਭੁਲਾਵੇ ਵਿਚ ਪਾਉਣ ਲਈ ਜ਼ਹਿਰੀਲੀ ਘੁੱਟੀ ਤੋਂ ਸਿਵਾਏ ਹੋਰ ਕੁਝ ਨਹੀਂ ਮੰਨਦਾ।"

"ਤੇ ਕੀ ਤੁਸੀਂ ਧਰਮ ਅਤੇ ਅਧਰਮ ਵਿਚ ਭੇਦ ਨਹੀਂ ਮੰਨਦੇ ?" ਫ਼ਨੀਂਦਰ ਨੇ ਪੁੱਛਿਆ।

"ਤੁਸੀਂ ਧਰਮ ਦੀ ਗੱਲ ਕਰਦੇ ਹੋ ਪਰ ਉਸ ਤੋਂ ਤੁਹਾਡਾ ਕੀ ਮਤਲਬ ਹੈ, ਇਹ ਸਪਸ਼ਟ ਨਹੀਂ ਕਰਦੇ," ਭਗਤ ਸਿੰਘ ਨੇ ਕਿਹਾ, "ਮੇਰਾ ਵਿਸ਼ਵਾਸ ਹੈ ਕਿ ਜਿਨ੍ਹਾਂ ਅਰਥਾਂ ਵਿਚ ਹੁਣ ਤਕ ਇਹ ਸ਼ਬਦ ਵਰਤਿਆ ਜਾਂਦਾ ਰਿਹਾ ਹੈ, ਉਨ੍ਹਾਂ ਅਰਥਾਂ ਵਿਚ ਹੁਣ ਇਸ ਦੀ ਸਾਖ ਨਹੀਂ ਰਹੀ। ਹੁਣ ਤਕ ਦੇ ਸਾਰੇ ਧਰਮਾਂ ਨੇ ਮਨੁੱਖਾਂ ਨੂੰ ਇਕ ਦੂਸਰੇ ਤੋਂ ਅਲੱਗ ਕੀਤਾ ਹੈ, ਆਪਸ ਵਿਚ ਲੜਾਇਆ ਹੈ। ਦੁਨੀਆਂ ਵਿਚ ਜਿੰਨਾ ਖੂਨ ਖਰਾਬਾ ਧਰਮ ਦੇ ਨਾਂ ਤੇ ਧਰਮ ਦੇ ਠੇਕੇਦਾਰਾਂ ਨੇ ਕੀਤਾ ਹੈ, ਏਨਾ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ। ਸੱਚੀ ਗੱਲ ਤਾਂ ਇਹ ਹੈ ਕਿ ਧਰਤੀ ਦਾ ਸਵਰਗ ਧਰਮ ਦੀ ਆੜ ਵਿਚ ਉਜਾੜਿਆ ਗਿਆ ਹੈ, ਅਤੇ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਜੁਦਾ ਕਰੇ, ਮੁਹਬਤ ਦੀ ਥਾਂ ਨਫਰਤ ਸਿਖਾਵੇ, ਅੰਧ ਵਿਸ਼ਵਾਸ਼ਾਂ ਨੂੰ ਹੌਸਲਾ ਦੇਵੇ, ਲੋਕਾਂ ਦੇ ਬੌਧਿਕ ਵਿਕਾਸ ਵਿਚ ਰੁਕਾਵਟ ਬਣੇ, ਦਿਮਾਗਾਂ ਨੂੰ ਖੁੰਢਾ ਕਰੇ, ਉਹ ਕਦੇ ਵੀ ਮੇਰਾ ਧਰਮ ਨਹੀਂ ਬਣ ਸਕਦਾ। ਮੇਰੇ ਨੇੜੇ ਹਰ ਉਹ ਕਦਮ ਜੋ ਇਨਸਾਨ ਨੂੰ ਸੁਖੀ ਬਣਾ ਸਕੇ, ਬਰਾਬਰੀ, ਖ਼ੁਸ਼ਹਾਲੀ ਅਤੇ ਭਾਈਚਾਰੇ ਦੇ ਰਾਹ ਤੇ ਇਕ ਕਦਮ ਅਗੇ ਲਿਜਾ ਸਕੇ, ਉਹ ਧਰਮ ਹੈ। ਮੈਂ ਦੋ ਸ਼ਬਦਾਂ ਵਿਚ ਕਹਾਂ ਤਾਂ ਇਹ ਧਰਤੀ ਅਤੇ ਭਾਰਤ ਦੀ ਇਹ ਪਵਿਤਰ ਧਰਤੀ, ਮੇਰਾ ਸਵਰਗ ਹੈ, ਉਸ ਤੇ ਤੁਰਨ ਫਿਰਨ ਵਾਲਾ ਹਰ ਆਦਮੀ, ਹਰ ਇਨਸਾਨ, ਮੇਰਾ ਦੇਵਤਾ ਹੈ, ਮੇਰਾ ਭਗਵਾਨ ਹੈ ਅਤੇ ਭਗਵਾਨ ਨੂੰ ਭਗਵਾਨ ਨਾਲ ਲੜਾ ਕੇ ਮੇਰੇ ਸਵਰਗ ਨੂੰ ਨਰਕ ਬਣਾਉਣ ਵਾਲੀਆਂ ਤਾਕਤਾਂ ਖਤਮ ਕਰਕੇ, ਇਨਸਾਨ ਨੂੰ ਵਰਗਹੀਣ ਸਮਾਜ ਵਲ ਅੱਗੇ ਵਧਾਣ ਵਾਲੀ ਹਰ ਕੋਸ਼ਿਸ਼, ਹਰ ਕਦਮ ਮੇਰਾ ਧਰਮ ਹੈ।"

ਫਨੀਂਦਰ ਦਲ ਦਾ ਪੁਰਾਣਾ ਮੈਂਬਰ ਹੋਣ ਦੇ ਨਾਤੇ, ਭਗਤ ਸਿੰਘ ਤੋਂ ਉਮਰ ਵਿਚ ਕਾਫ਼ੀ ਵੱਡਾ ਸੀ। ਉਹ ਅੰਦੋਲਨ ਦੇ ਉਸ ਯੁੱਗ ਦੀ ਪਨੀਰੀ ਸੀ, ਜਿਨ੍ਹਾਂ ਦਿਨਾਂ ਵਿਚ 'ਦਾਦਾ ਵਾਕਿਅੰਮ ਪ੍ਰਮਾਣਮ' ਦਾ ਬੋਲ ਬਾਲਾ ਸੀ ਅਤੇ ਫਨੀਂਦਰ ਆਪਣੇ ਆਪ ਨੂੰ ਦਾਦਾ ਹੀ ਸਮਝਦਾ ਸੀ। ਰਾਜਨੀਤਿਕ ਸੂਝ ਸਿਫਰ ਦੇ ਬਰਾਬਰ ਹੋਣ ਕਰਕੇ ਉਹ ਗਿਆਨ ਦਾ ਦਿਖਾਵਾ ਕਰ ਕੇ ਹੀ ਆਪਣੀ ਦਾਦਾਗਿਰੀ ਦੀ ਤਸੱਲੀ ਕਰ ਲੈਂਦਾ ਸੀ। ਭਗਤ ਸਿੰਘ ਦੇ ਸਾਹਮਣੇ ਜਦ ਉਸ ਦਾ ਇਹ ਅਭਿਮਾਨ ਟੁੱਟਣ ਲੱਗਾ ਤਾਂ ਉਸ ਨੇ ਵਿਅੰਗ ਨਾਲ ਕਿਹਾ, "ਇਸ ਧਰਤੀ ਨੂੰ ਸਵਰਗ ਬਣਾਉਣ ਵਾਸਤੇ, ਨਾ ਜਾਣੀਏ, ਕਿੰਨੇ ਕੁ ਮਸੀਹਾਂ ਆਏ ਅਤੇ ਮੂੰਹ ਦੀ ਖਾ ਕੇ ਚਲੇ ਗਏ। ਤੁਸੀਂ ਆਏ ਹੋ। ਦੋ ਚਾਰ ਦਿਨਾਂ ਵਿਚ ਤੁਹਾਡੇ ਹੌਂਸਲੇ ਦਾ ਪਤਾ ਲਗ ਜਾਏਗਾ। ਅੰਤ ਵਿਚ "ਹੋਈ ਜੁ ਰਾਮ ਰਚਿ ਰਾਖਾ।"

ਫਨੀਂਦਰ ਦੇ ਵਿਅੰਗ ਨਾਲ, ਭਗਤ ਸਿੰਘ ਤਿਲਮਿਲਾ ਉਠਿਆ। "ਫਨੀਂਦਰ, ਹੋ ਸਕਦਾ ਹੈ ਕਿ ਮੇਰਾ ਜੀਵਨ ਚਾਰ ਹੀ ਦਿਨਾਂ ਦਾ ਹੋਵੇ ਪਰ ਮੇਰੇ ਹੌਸਲੇ ਆਖਰੀ ਦਮ ਤਕ ਮੇਰਾ ਸਾਥ ਨਹੀਂ ਛੱਡਣਗੇ, ਮੈਨੂੰ ਪੂਰਾ ਵਿਸ਼ਵਾਸ ਹੈ। ਅਤੇ ਕਲ ਜੇ ਮੈਂ ਨਾ ਵੀ ਰਿਹਾ ਤਾਂ ਵੀ ਮੇਰੇ ਹੌਸਲੇ, ਦੇਸ਼ ਦੇ ਹੌਸਲੇ ਬਣ ਕੇ, ਸਾਮਰਾਜਵਾਦੀ ਲੋਟੂਆਂ ਦਾ ਅੰਤ ਤਕ ਪਿੱਛਾ ਕਰਦੇ ਰਹਿਣਗੇ। ਮੈਂ ਸੰਸਾਰ ਦੀ ਮਨੁੱਖਤਾ ਨੂੰ ਪਾਸਾ ਪਰਤਦੇ ਹੋਏ ਦੇਖ ਰਿਹਾ ਹਾਂ। ਮੈਨੂੰ ਆਪਣੇ ਦੇਸ਼ ਦੇ ਭਵਿੱਖ ਵਿਚ ਵਿਸ਼ਵਾਸ ਹੈ। ਮੈਨੂੰ ਮਨੁੱਖੀ ਯੋਗਤਾ ਤੇ ਉਸ ਦੇ ਬਾਹੂਬਲ ਤੇ ਵਿਸ਼ਵਾਸ ਹੈ। ਇਸੇ ਲਈ ਮੈਂ ਆਸ਼ਾਵਾਦੀ ਹਾਂ। ਤੁਸੀਂ ਹਰ ਗੱਲ ਲਈ ਰੱਬ ਵਲ ਦੇਖਦੇ ਹੋ, ਇਸੇ ਲਈ ਤੁਸੀਂ ਭਾਗਵਾਦੀ ਹੋ, ਨਿਰਾਸ਼ਾਵਾਦੀ ਹੋ। ਭਾਗਵਾਦ, ਕਰਮ ਤੋਂ ਦੌੜਨ ਦਾ ਇਕ ਰਾਹ ਹੈ, ਕਮਜ਼ੋਰ, ਡਰਪੋਕ ਤੇ ਭਾਂਜਵਾਦੀਆਂ ਦੀ ਆਖਰੀ ਪਨਾਹ ਹੈ। ਰਹੀ ਗੱਲ ਮਸੀਹਾਂ ਦੀ। ਸੋ ਜੇ ਉਨ੍ਹਾਂ ਨੇ ਧਰਤੀ ਨੂੰ ਸਵਰਗ ਬਣਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸ਼ਾਇਦ ਦੁਨੀਆਂ ਦੀ ਇਹ ਤਸਵੀਰ ਨਾ ਹੁੰਦੀ ਜੋ ਅਸੀਂ ਦੇਖ ਰਹੇ ਹਾਂ। ਮਸੀਹਾਂ ਨੇ ਧਰਤੀ ਦੀ ਬਜਾਇ ਅਕਾਸ਼ ਤੇ ਸਵਰਗ ਵਸਾਇਆ। ਇਸੇ ਲਈ ਉਹ ਕਾਮਯਾਬ ਨਹੀਂ ਹੋ ਸਕੇ। ਅੱਜ ਦਾ ਇਨਸਾਨ ਹਵਾ ਵਿਚ ਮਹੱਲ ਖੜੇ ਕਰਨਾ ਨਹੀਂ ਚਾਹੁੰਦਾ। ਉਸ ਨੇ ਆਪਣੇ ਸਵਰਗ ਦੀ ਨੀਂਹ ਵਾਸਤੇ ਧਰਤੀ ਦੀ ਠੋਸ ਜ਼ਮੀਨ ਖੋਦਣੀ ਸ਼ੁਰੂ ਕਰ ਦਿੱਤੀ ਹੈ। ਅੱਜ ਦਾ ਹਰ ਇਨਸਾਨ ਮਸੀਹਾ ਹੈ। ਇਸੇ ਲਈ ਮੈਨੂੰ ਉਸ ਤੇ ਵਿਸ਼ਵਾਸ ਹੈ।"

ਭਗਤ ਸਿੰਘ ਸ਼ਾਇਦ ਕੁਝ ਹੋਰ ਵੀ ਆਖਦਾ ਪਰ ਉਸ ਵੇਲੇ ਸੁਖਦੇਵ ਆ ਗਿਆ। ਉਹ ਆਪਣੇ ਨਾਲ ਭੁੱਜੀਆਂ ਹੋਈਆਂ ਛੱਲੀਆਂ .ਲਿਆਇਆ ਸੀ। ਛੱਲੀਆਂ ਨੂੰ ਸਾਹਮਣੇ ਰੱਖ ਕੇ ਉਹ ਬੋਲਿਆ, "ਇਹ ਠੰਢੀਆਂ ਹੋ ਜਾਣੀਆਂ, ਪਹਿਲਾਂ ਇਨ੍ਹਾਂ ਨਾਲ ਨਜਿੱਠ ਲੈ, ਦਾਦੇ ਨਾਲ ਫਿਰ ਨਜਿਠ ਲਈਂ।"

ਸੁਖਦੇਵ ਦੇ ਬੜਬੋਲੇ ਹੋਣ ਤੋਂ ਫਨੀਂਦਰ ਬਹੁਤ ਘਬਰਾਂਦਾ ਸੀ। ਉਹ ਆਮ ਕਰਕੇ, ਉਸ ਦੀ ਗਿਆਨ ਚਰਚਾ ਦਾ ਮਖੌਲ ਉਡਾਇਆ ਕਰਦਾ ਸੀ। ਉਸ ਨੇ ਸੁਖਦੇਵ ਦੀ ਗੱਲ ਮੰਨ ਕੇ ਇਕ ਛੱਲੀ ਚੁੱਕ ਲਈ। ਗਰਮ ਗਰਮ ਯਥਾਰਥ ਦੇ ਸਾਹਮਣੇ ਕਲਪਨਾ ਦਾ ਸਵਰਗ ਫਿੱਕਾ ਪੈ ਗਿਆ। ਗਿਆਨ ਚਰਚਾ ਖ਼ਤਮ ਹੋ ਗਈ।[10]

●

* 1. ਸੁਨੇਹਾ 2. ਸੁਨੇਹਾ ਲਿਆਉਣ ਵਾਲਾ 3. ਯਾਰ ਦੀ ਗਲੀ
4. ਨਜ਼ਾਰਾ 5. ਜਨਾਜ਼ੇ ਦੇ ਕੋਲ 6. ਕਿਆਮਤ ਤੋਂ ਬਾਦ
7. ਸ਼ਾਮ 8. ਕੋਠੇ ਉੱਤੇ

* 9. ਪਿੱਛੋਂ ਮੁਖਬਿਰ ਬਣਿਆ
10. ਫੜੇ ਜਾਣ ਤੇ ਫਨੀਂਦਰ ਮੁਖਬਿਰ ਬਣ ਗਿਆ। ਕੇਂਦਰੀ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ, ਦਲ ਦੇ ਸੰਗਠਨ ਨੂੰ ਸਭ ਤੋਂ ਵੱਧ ਹਾਨੀ ਉਸਦੇ ਹੱਥੋਂ ਹੋਈ।

●

## ਹਿੰਦੁਸਤਾਨ ਗਦਰ ਪਾਰਟੀ ਦੇ ਸੱਤ ਸ਼ਹੀਦਾਂ ਦੀ ਯਾਦ

ਫਾਂਸੀ/ਸ਼ਹਾਦਤ: 27 ਮਾਰਚ 1917

●

ਸ਼ਹੀਦ ਕਾਂਸ਼ੀ ਰਾਮ ਦੀ ਇੱਕ ਫੋਟੋ



●

★ ਸ਼ਹੀਦ ਕਾਂਸ਼ੀ ਰਾਮ, ਮੜੌਲੀ (ਰੋਪੜ), ਖਜਾਨਚੀ ਗਦਰ ਪਾਰਟੀ
★ ਸ਼ਹੀਦ ਜੀਵਨ ਸਿੰਘ, ਦੌਲੇ-ਸਿੰਘਵਾਲਾ (ਸੰਗਰੂਰ)
★ ਸ਼ਹੀਦ ਰਹਿਮਤ ਅਲੀ, (ਵਜੀਦਕੇ) ਪਟਿਆਲਾ
★ ਸ਼ਹੀਦ ਬਖਸ਼ੀਸ਼ ਸਿਘ (ਖਾਨਪੁਰ)
★ ਸ਼ਹੀਦ ਲਾਲ ਸਿੰਘ ਸਾਹਿ-ਬਾਣਾ।
★ ਸ਼ਹੀਦ ਜਗਤ ਸਿੰਘ, ਬਿੰਝਲ (ਲੁਧਿਆਣਾ)
★ ਸ਼ਹੀਦ ਧਿਆਨ ਸਿੰਘ ਉਮਰ ਪੁਰੀਆ (ਅੰਮ੍ਰਿਤਸਰ)

# ਸ਼ਹੀਦ ਭਗਤ ਸਿੰਘ ਦਾ ਜੀਵਨ ਵਿਕਾਸ

ਪ੍ਰੋ: ਜਗਮੋਹਨ ਸਿੰਘ

ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀ ਸਾਡੇ ਕੌਮੀ ਇਤਿਹਾਸ ਵਿਚ ਇਕ ਖ਼ਾਸ ਥਾਂ ਰੱਖਦੇ ਹਨ। ਉਹਨਾਂ ਦੇ ਜੀਵਨ ਵਿਚ ਕੌਮੀ ਜਜ਼ਬੇ ਤੇ ਅੰਤਰਰਾਸ਼ਟਰੀ ਵਿਗਿਆਨਕ ਸੋਚ ਦਾ ਸੁਮੇਲ ਸਾਨੂੰ ਮਿਲਦਾ ਹੈ। ਇਹੀ ਕਾਰਣ ਹੈ ਕਿ ਭਾਰਤ ਦੇ ਲੋਕ ਉਹਨਾਂ ਲਈ ਇਕ ਖਾਸ ਪਿਆਰ ਦਾ ਇਜ਼ਹਾਰ ਕਰਦੇ ਹਨ। ਅੱਜ ਦੀਆਂ ਹਾਲਤਾਂ ਵਿਚ ਵੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਵਿਚਾਰਧਾਰਾ, ਜੀਵਨ ਅਤੇ ਫਰਜ਼ ਨਿਭਾਉਣ ਦਾ ਤਰੀਕਾ ਸਾਡੇ ਲਈ ਰਾਹ ਦਿਖਾਉਂਦਾ ਹੈ। ਸ਼ਹੀਦ ਭਗਤ ਸਿੰਘ ਦਾ ਜੀਵਨ ਉਸ ਲਹਿਰ ਦਾ ਸਾਰ ਬਣ ਗਿਆ ਹੈ, ਅਤੇ ਉਹਨਾਂ ਦੇ ਆਪਣੇ ਲਫਜ਼ਾਂ ਵਿਚ ਉਹਨਾਂ ਦਾ ਜੀਵਨ ਵਿਕਾਸ "ਵਕਤ ਅਤੇ ਹਾਲਾਤ ਦੇ ਸਾਡੇ 'ਤੇ ਅਸਰ ਦਾ ਨਤੀਜਾ ਹੈ।" ਇਥੇਇਹੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਸਬੰਧੀ ਕੁਝ ਜਾਂਣਿਆ ਜਾਵੇ ਤਾਂ ਕਿ ਅਜ ਵੀ ਨੌਜਵਾਨ ਆਪਣੇ ਸਮੇਂ ਦੇ ਵਕਤ ਅਤੇ ਹਾਲਾਤ ਤੋਂ ਸਿਖਦੇ ਹੋਏ, ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਜਨਤਾ ਪ੍ਰਤੀ ਸੁਫਨੇ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਣ।

**ਬਚਪਨ**—ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਬੰਗੇ ਜ਼ਿਲਾ ਲਾਇਲਪੁਰ ਵਿਚ ਹੋਇਆ। 1907 ਦਾ ਸਾਲ ਪੰਜਾਬ ਦੀ ਕਿਸਾਨੀ ਦੀ ਜਾਗ੍ਰਤੀ ਦਾ ਸਾਲ ਸੀ, ਜਦ ਬਾਰਾਂ ਵਿਚ ਪਗੜੀ ਸੰਭਾਲ ਜੱਟਾ ਲਹਿਰ ਚੱਲੀ ਸੀ ਅਤੇ ਸ: ਕਿਸ਼ਨ ਸਿੰਘ (ਪਿਤਾ ਜੀ) ਸ: ਅਜੀਤ ਸਿੰਘ (ਚਾਚਾ ਜੀ) ਅਤੇ ਉਹਨਾਂ ਦੇ ਸਾਥੀ 1857 ਦੀ ਪੰਜਾਹ ਸਾਲਾ ਵਰ੍ਹੇ ਗੰਢ, ਇਕ ਵਿਸ਼ਾਲ ਅਜਾਦੀ ਦੀ ਲਹਿਰ ਪੈਦਾ ਕਰਕੇ ਮਨਾਉਣਾ ਚਾਹੁੰਦੇ ਸਨ, ਜੋ ਫੌਜਾਂ, ਜਨਤਾ ਤੇ ਦੇਸੀ ਰਾਜਿਆਂ ਨੂੰ ਇਕੱਠੇ ਕਰਕੇ ਅੰਗਰੇਜ਼ ਨੂੰ ਭਾਰਤ ਵਿਚੋਂ ਕਢ ਕੇ ਭਾਰਤ ਗਣਤੰਤਰ ਸਥਾਪਿਤ ਕਰਦੀ। ਪਰ ਹਲਾਤ ਪੂਰੇ ਸਾਜਗਰ ਨਾ ਹੋ ਸਕੇ। ਘਰ ਦੇ ਇਸ ਮਾਹੌਲ ਵਿਚ ਭਗਤ ਸਿੰਘ ਦਾ ਬਚਪਨ ਬੀਤਿਆ। ਉਹਨਾਂ ਦੇ ਪਰਵਾਰ ਵਿਚ ਸਭ ਤੋਂ ਪਹਿਲਾਂ ਇਨਕਲਾਬੀ ਪੈਦਾ ਕਰਨ ਵਾਲੇ ਉਹਨਾਂ ਦੇ ਦਾਦਾ ਜੀ ਸ: ਅਰਜਨ ਸਿੰਘ ਸਨ। ਉਹਨਾਂ ਨੇ ਆਪਣੇ ਤਿੰਨੇ ਪੁਤਰਾਂ ਅਤੇ ਫਿਰ ਪੋਤਿਆਂ ਨੂੰ ਲੋਕਾਂ ਪ੍ਰਤੀ ਪਿਆਰ ਕਰਨ ਲਈ ਪ੍ਰੇਰਿਆ ਤੇ ਲੋਕਾਂ ਦੀ ਮੁਕਤੀ ਲਈ ਅਗੇ ਤੋਰਿਆ। ਇਹ ਘਰ ਦਾ ਮਾਹੌਲ ਕੀ ਸੀ, ਇਸ ਬਾਰੇ ਜਾਨਣਾ ਬੜਾ ਦਿਲਚਸਪ ਹੈ। ਬਾਬਾ ਅਰਜਨ ਸਿੰਘ ਇਕ ਸੂਝਵਾਨ ਪੇਂਡੂ ਸਨ। ਮਿਡਲ ਤਕ ਪੜ੍ਹ ਕੇ, ਵੈਦਗੀ ਸਿਖ ਲਈ ਸੀ ਪਰ ਵਰਤਦੇ ਸਨ ਲੋਕ ਸੇਵਾ ਲਈ ਲਾਗਤ ਖ਼ਰਚ 'ਤੇ। ਪਿੰਡ ਵਿਚ ਹੀ ਨਹੀਂ ਇਲਾਕੇ ਭਰ ਵਿਚ ਵਿਚਾਰੇ ਸਿਧੇ ਸਾਦੇ ਪੇਂਡੂਆਂ ਵਾਸਤੇ ਜ਼ੁਲਮ ਦਬਾਅ ਅਤੇ ਲੁੱਟ ਦੇ ਉਲਟ ਲੜਨ ਲਈ ਉਹ ਇਕ ਸਹਾਰਾ ਸਨ। ਉਹ ਆਰੀਆ ਸਮਾਜੀ ਪਰਭਾਵ ਹੇਠ ਆ ਕੇ ਅੰਧ-ਵਿਸ਼ਵਾਸ਼ਾਂ, ਛੂਤਛਾਤ ਤੋਂ ਮੁੱਕਤ ਹੋ ਗਏ ਸਨ ਅਤੇ ਪੇਂਡੂ ਦੱਬੇ ਕੁਚਲੇ ਵਰਗ ਦੇ ਬਹੁਤ ਨੇੜੇ ਆ ਕੇ ਸਹਾਰਾ ਬਣ ਗਏ ਸੀ। ਉਹਨਾਂ ਨੇ ਅੰਗਰੇਜ਼ ਵਿਰੁੱਧ ਪਹਿਲੀ ਲੜਾਈ ਉਸ ਦਿਨ ਲੜੀ ਸੀ ਜਦ ਖਟਕੜ ਕਲਾਂ (ਜਿਲਾ ਜਲੰਧਰ ਜੱਦੀ ਪਿੰਡ) ਵਿਚ ਪਲੇਗ ਫੈਲੀ ਸੀ। ਅੰਗਰੇਜ਼ ਨੇ ਫੌਜਾਂ ਨਾਲ ਪਿੰਡ ਘੇਰ ਲਿਆ ਅਤੇ ਫੈਸਲਾ ਕੀਤਾ ਕਿ ਗਰੀਬ ਕਿਸਾਨਾਂ ਤੇ ਕਾਮਿਆ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਜਾਵੇ ਤਾਂ ਕਿ ਪਲੇਗ ਦੇ ਜਰਮ ਮਰ ਜਾਣ। ਸਾਰੇ ਪਿੰਡ ਵਿਚ ਬਾਬਾ ਅਰਜਨ ਸਿੰਘ ਇਕੱਲੇ ਸਨ ਜਿਹਨਾਂ ਨੇ ਇਸ ਗੱਲ ਦੀ ਮੁਖਾਲਫਤ ਕੀਤੀ। ਉਹਨਾਂ ਦੀ ਦਲੀਲ ਸੀ ਕਿ ਸਰਕਾਰ ਜਦ ਤਕ ਉਹਨਾਂ ਨੂੰ ਨਵੇਂ ਮਕਾਨ ਨਹੀਂ ਬਣਾ ਕੇ ਦੇਂਦੀ ਤੇ ਦੂਸਰਾ ਜਰੂਰੀ ਸਮਾਨ ਨਹੀਂ ਦਿੰਦੀ ਤਦ ਤੱਕ ਅੱਗ ਲਗਾਉਣ ਦਾ ਹੱਕ ਨਹੀਂ। ਲੋਕਾਂ ਤੇ ਬਾਬਾ ਜੀ ਨੇ ਰਲ ਕੇ ਅੰਗਰੇਜ਼ ਸਰਕਾਰ ਨੂੰ ਹਾਰ ਦਿਤੀ। ਉਹਨਾਂ ਦਾ ਭਰਾ ਜੋ ਲੋਕਾਂ ਦਾ ਪੱਖ ਛੱਡ ਕੇ ਅੰਗਰੇਜਾਂ ਦੀ ਸੇਵਾ ਕਰ ਰਿਹਾ ਸੀ ਉਸਦਾ ਪਰਵਾਰ ਅੰਗਰੇਜ-ਪ੍ਰਸਤ ਹੋ ਗਿਆ ਤੇ ਲੋਕ ਵਿਰੋਧੀ ਵੀ ਤੇ ਬਾਬਾ ਅਰਜਨ ਸਿੰਘ ਲੋਕ ਪੱਖੀ ਰਿਹਾ ਤੇ ਦੇਸ਼ ਭਗਤ ਪੈਦਾ ਕੀਤੇ। ਸਦਾ ਹੀ, ਲੋਕਾਂ ਤੇ ਜੁਲਮ, ਚਾਹੇ ਉਹ ਪੁਲੀਸ ਦਾ ਹੋਵੇ, ਚਾਹੇ ਆਪਣੇ ਭਤੀਜਿਆਂ ਵਲੋਂ ਜਗੀਹੁ ਲੁਟ ਕਰਕੇ, ਬਾਬਾ ਜੀ ਡਾਂਗ ਲੈ ਕੇ ਲੋਕਾਂ ਦੇ ਹੱਕ ਵਿਚ ਡੱਟਦੇ ਸਨ। ਇਸ ਬਾਰੇ ਉਨ੍ਹਾਂ ਦੀਆਂ ਬੜੀਆਂ ਕਹਾਣੀਆਂ ਹਨ। ਇਸਦੇ ਨਾਲ ਨਾਲ ਉਹ ਲੋਕਾਂ ਵਿਚ ਅੰਧ ਵਿਸ਼ਵਾਸੀ ਨੂੰ ਤੋੜਦੇ, ਗੁਲਾਮੀ ਨੂੰ ਕੱਟਦੇ ਅਤੇ ਆਤਮ ਵਿਸ਼ਵਾਸ ਵਲ ਤੋਰਦੇ। ਪਾਖੰਡੀ ਸਾਧਾਂ ਨਾਲ ਤਰਕ ਤੇ ਬਹਿਸ ਕਰਕੇ ਲੋਕਾਂ ਸਾਹਮਣੇ ਉਨ੍ਹਾਂ ਦਾ ਪਾਜ ਉਘਾੜਦੇ ਅਤੇ ਇਸ ਤਰ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਚੁੰਗਲ ਤੋਂ ਮੁਕਤ ਹੋਣ ਵਿਚ ਮੱਦਦ ਕਰਦੇ। ਘਰ ਦੇ ਇਸ ਮਹੌਲ ਨੇ ਸ: ਕਿਸ਼ਨ ਸਿੰਘ, ਸ: ਅਜੀਤ ਸਿੰਘ ਤੇ ਸਵਰਨ ਸਿੰਘ ਜਿਹੇ ਦੇਸ਼ ਭਗਤ ਪੈਦਾ ਕੀਤੇ ਅਤੇ ਅਗੇ ਚਲਕੇ ਭਗਤ ਸਿੰਘ ਜਿਹਾ ਇਨਕਲਾਬੀ। ਬਾਬਾ ਜੀ ਨੇ ਯਗੋਪਵੀਤ ਵੇਲੇ ਭਗਤ ਸਿੰਘ ਤੇ ਜਗਤ ਸਿੰਘ ਪੋਤਿਆਂ ਦੇ ਸਿਰ ਤੇ ਹੱਥ ਰਖਕੇ ਕਿਹਾ ਸੀ ਕਿ ਇਹ ਅੱਜ ਤੋਂ ਦੇਸ਼ ਦੀ ਅਜ਼ਾਦੀ ਲਈ ਅਰਪਿਤ ਕੀਤੇ ਹਨ। ਬਾਬਾ ਜੀ ਨੇ ਭਗਤ ਸਿੰਘ ਤੇ ਜਗਤ ਸਿੰਘ ਨੂੰ ਪੰਜਾਬ ਦੇ ਤੇ ਭਾਰਤ ਦੇ ਲੋਕਾਂ ਪ੍ਰਤੀ ਕੁਰਬਾਨੀ ਦੇ ਵਿਰਸੇ ਤੇ ਕਹਾਣੀਆਂ ਰਾਹੀਂ ਜਾਣੂ ਕਰਵਾਇਆ ਸੀ। ਜਗਤ ਸਿੰਘ ਭਗਤ ਸਿੰਘ ਤੋਂ ਵੱਡੇ ਉਨ੍ਹਾਂ ਦੇ ਭਰਾ ਸਨ, ਜੋ 11 ਸਾਲ ਦੀ ਉਮਰ ਵਿਚ ਮਰ ਗਏ ਸਨ।

ਬਚਪਨ ਵਿਚ ਭਗਤ ਸਿੰਘ ਨੂੰ ਕਾਮੇ, ਕਿਰਤੀ ਤੇ ਕਿਸਾਨਾਂ ਲਈ ਪਿਆਰ, ਅੰਧ ਵਿਸ਼ਵਾਸ਼ੀ ਤੋਂ ਮੁਕਤੀ ਅਤੇ ਹਰ ਚੀਜ਼ ਨੂੰ ਤਰਕਸ਼ੀਲਤਾ ਨਾਲ ਘੋਖਣਾ ਬਾਬਾ ਜੀ ਤੋਂ ਮਿਲਿਆ ਸੀ।

ਪ੍ਰਾਇਮਰੀ ਤਕ ਪੜ੍ਹਾਈ, ਪਿੰਡ ਬੰਗੇ ਪੂਰੀ ਕਰਕੇ, 1916 ਵਿਚ ਲਾਹੌਰ ਡੀ. ਏ. ਵੀ ਸਕੂਲ ਬੋਰਡਿੰਗ ਵਿਚ ਦਾਖਲ ਕਰਵਾ ਦਿਤਾ। 1914-15 ਵਿਚ ਗਦਰ ਪਾਰਟੀ ਦੇ ਗਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ ਜਾਣ ਬਣਿਆ ਹੋਇਆ ਸੀ। ਤੇ ਉਸ ਤੋਂ ਬਾਦ ਵੀ ਘਰ ਉਸ ਬਾਰੇ ਗੱਲਾਂ ਚਲਦੀਆਂ ਸਨ। ਅੱਠ-ਨੌਂ ਸਾਲ ਦੇ ਭਗਤ ਸਿੰਘ ਨੂੰ ਲਹਿਰ ਦਾ ਸਿੱਧਾ ਸੰਪਰਕ ਵੀ ਪਰਾਪਤ ਹੋਇਆ ਸੀ। ਸ਼ਹੀਦ ਭਗਤ ਸਿੰਘ ਨੇ ਸ਼ਹੀਦ ਕਰਤਾਰ ਸਿੰਘ ਤੋਂ ਅਗੇ ਚੱਲ ਕੇ ਆਪਣਾ ਰਾਜਨੀਤਕ ਗੁਰੂ, ਆਗੂ ਵੀ ਤੱਸਵਰ ਕੀਤਾ ਸੀ।

1917 ਵਿਚ ਸ੍ਰ: ਕਿਸ਼ਨ ਸਿੰਘ ਨੇ ਆਪਣਾ ਨਿਵਾਸ ਲਾਹੌਰ ਲੈ ਆਂਦਾ ਅਤੇ ਭਗਤ ਸਿੰਘ ਦੀ ਦਲੇਰੀ ਸਰੀਰਕ ਕਸਰਤ ਅਤੇ ਦੇਸ਼ ਭਗਤੀ ਦੀ ਸਿਖਲਾਈ ਉਨ੍ਹਾਂ ਨੇ ਆਪਣੀ ਦੇਖ ਰੇਖ ਵਿਚ ਕੀਤੀ। ਸ੍ਰ: ਭਗਤ ਸਿੰਘ ਸਰੀਰਕ ਤੌਰ ਤੇ ਸੁਡੌਲ, ਰਿਸ਼ਟ ਪੁਸ਼ਟ ਸਨ ਅਤੇ ਗੱਤਕੇ ਦੇ ਬੜੇ ਮਾਹਰ ਵੀ ਬਣ ਗਏ। ਏਥੇ ਮਕਾਨ ਦੇ ਕੋਲ ਇਕ ਵੱਡੀ ਹਵੇਲੀ ਸੀ ਜਿਸ ਵਿਚ ਨਾਮਧਾਰੀ ਗੁਰੂ ਆ ਕੇ ਠਹਿਰਦੇ ਹੁੰਦੇ ਸਨ। ਇਸ ਤਰ੍ਹਾਂ ਬੜੀ ਨਜਦੀਕ ਹੋ ਕੇ ਇਸ ਲਹਿਰ ਨੂੰ ਘੋਖਣ ਦਾ ਮੌਕਾ ਭਗਤ ਸਿੰਘ ਨੂੰ ਮਿਲਿਆ ਅਤੇ ਇਸ ਦੀ ਦੇਸ਼ ਭਗਤੀ ਤੇ ਇਤਿਹਾਸਕ ਰੋਲ ਤੋਂ ਵੀ ਜਾਣੂ ਹੋਏ। ਸ੍ਰ: ਕਿਸ਼ਨ ਸਿੰਘ ਜਦ ਕਦੀ ਕਿਸੇ ਜਨਤਕ ਜਲਸੇ ਵਿਚ ਜਾਂਦੇ ਤਾਂ ਸ੍ਰ: ਭਗਤ ਸਿੰਘ ਵੀ ਨਾਲ ਹੁੰਦੇ ਅਤੇ ਕਈ ਵਾਰ 10 ਤੋਂ 12 ਸਾਲ ਦਾ ਭਗਤ ਸਿੰਘ ਤਕਰੀਰ ਵੀ ਕਰਦਾ। ਇਸ ਤਰ੍ਹਾਂ ਉਸ ਵਕਤ ਦੀਆਂ ਚੱਲ ਰਹੀਆਂ ਜਨਤਕ ਲਹਿਰਾਂ ਦਾ ਤਜਰਬਾ ਵੀ ਹਾਸਲ ਕਰਦੇ ਰਹੇ।

1919, ਪੰਜਾਬ ਅੰਦਰ ਭਾਰੀ ਜਨਤਕ ਲਾਮਬੰਦੀ ਦਾ ਸਾਲ ਸੀ ਅਤੇ ਅੰਗਰੇਜ਼ਾਂ ਵਲੋਂ ਭਾਰੀ ਜ਼ੁਲਮ ਦਾ ਸਾਲ ਵੀ ਸੀ। 13 ਅਪਰੈਲ 1919 ਨੂੰ ਅੰਮ੍ਰਿਤਸਰ ਜਲਿਆਂ ਵਾਲੇ ਬਾਗ ਵਿਚ ਨਿਹੱਥੇ, ਚੁਪ ਚਾਪ ਵਿਚਾਰ ਵਟਾਂਦਰਾ ਕਰਦੇ ਲੋਕਾਂ ਤੇ ਅੰਨ੍ਹੇ ਵਾਹ ਗੋਲੀ ਚਲਾਈ ਗਈ ਅਤੇ ਸੈਂਕੜੇ ਦੇਸ਼ ਵਾਸੀ ਮੌਤ ਦੇ ਘਾਟ ਉਤਾਰ ਦਿਤੇ ਗਏ। ਪੰਜਾਬ ਵਿਚ ਹਾਹਾਕਾਰ ਮੱਚ ਗਈ। ਥਾਂ ਥਾਂ ਮਾਰਸ਼ਲ ਲਾ ਲਗਾ ਦਿਤਾ ਗਿਆ, ਗੁਜਰਾਂ ਵਾਲੇ ਤਾਂ ਬੰਬ ਵੀ ਸੁਟੇ ਗਏ। ਦੂਸਰੇ ਹੀ ਦਿਨ ਭਗਤ ਸਿੰਘ ਜਲਿਆਂ ਵਾਲੇ ਬਾਗ ਪੁੱਜੇ ਅਤੇ ਖ਼ੂਨ ਦੀ ਲੱਥ ਪੱਥ ਮਿੱਟੀ ਲੈ ਵਾਪਸ ਆ ਗਏ। 12 ਸਾਲ ਦੇ ਭਗਤ ਸਿੰਘ ਦੇ ਮਨ ਅੰਦਰ ਦਰਿੜਤਾ ਪੈਦਾ ਕਰਨ ਲਈ ਇਹ ਘਟਨਾ ਜੋ ਉਹ ਅੱਖੀਂ ਵੇਖ ਕੇ ਆਏ ਸਨ ਬੜੀ ਸਾਕਾਰ ਬਣੀ। ਜਲਿਆਂ ਵਾਲੇ ਬਾਗ ਦੀ ਮਿੱਟੀ ਭਗਤ ਸਿੰਘ ਦੀ ਅਲਮਾਰੀ ਵਿਚ ਪਈ ਉਨ੍ਹਾਂ ਨੂੰ ਹਮੇਸ਼ਾਂ ਦੇਸ਼ ਵਾਸੀਆਂ ਬਾਰੇ ਯਾਦ ਕਰਾਉਂਦੀ ਸੀ। 17-19 ਜਨਵਰੀ 1921 ਨਾਮਧਾਰੀ ਲਹਿਰ ਤੋਂ ਪਾਬੰਦੀ ਉਠਾਈ ਗਈ ਤਾਂ ਮੁਠੱਡੇ (ਜਲੰਧਰ) ਇਕੱਠ ਹੋਇਆ। ਆਪਣੇ ਪਿਤਾ ਨਾਲ ਭਗਤ ਸਿੰਘ ਏਥੇ ਆਏ ਤੇ ਤਕਰੀਰ ਵੀ ਕੀਤੀ।

> ਜਲ੍ਹਿਆਂ ਵਾਲੇ ਬਾਗ
> ਦੀ ਮਿੱਟੀ ਭਗਤ
> ਸਿੰਘ ਦੀ ਅਲਮਾਰੀ
> ਵਿੱਚ ਪਈ ਉਨ੍ਹਾਂ ਨੂੰ
> ਹਮੇਸ਼ਾਂ ਦੇਸ਼ ਵਾਸੀਆਂ
> ਬਾਰੇ ਯਾਦ ਕਰਾਉਂਦੀ ਸੀ।
> ....

1921 ਵਿਚ ਅੰਗਰੇਜ਼ ਸਰਪਰਸਤੀ ਹੇਠ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੇ 6 ਮਾਰਚ ਨੂੰ ਹੋ ਰਹੇ ਦੇਸ਼ ਸੇਵਕ ਸਿਖਾਂ ਦੇ ਇਕੱਠ ਨੂੰ ਰੋਕਣ ਲਈ ਗੁੰਡੇ ਬਦਮਾਸ਼ਾਂ ਦੇ ਹਥਿਆਰ ਬੰਦ ਦਸਤੇ ਇਕਠੇ ਕਰਨੇ ਸ਼ੁਰੂ ਕਰ ਦਿਤੇ। ਇਸ ਗੁੰਡਾ ਗਰਦੀ ਦੀ ਰੋਕ ਲਈ 19 ਫਰਵਰੀ ਨੂੰ ਕੁਝ ਸਿਖ ਜਥੇ ਨਨਕਾਣਾ ਸਾਹਿਬ ਪਹੁੰਚ ਗਏ। ਮਹੰਤ ਨੇ ਆਪਣੇ ਗੁੰਡਿਆਂ ਦੀ ਮਦਦ ਨਾਲ ਗੁਰਦਵਾਰੇ ਵਿਚ ਕਤਲੇਆਮ ਮੱਚਾ ਦਿਤਾ। ਜਥੇਦਾਰ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਅੱਗ ਲਗਾ ਦਿਤੀ ਅਤੇ ਕਈ ਸਿਖਾਂ ਨੂੰ ਜਿਉਂਦੇ ਭੱਠੀਆਂ ਵਿਚ ਪਾ ਕੇ ਸਾੜ ਦਿਤਾ। ਇਸ ਸਾਕੇ ਨੇ ਸਾਰੇ ਪਾਸੇ ਹਾਹਾਕਾਰ ਮੱਚਾ ਦਿਤੀ। ਦੇਸ਼ ਭਗਤਾਂ ਦੇ ਮਨਾ ਤੇ ਇਸ ਅੰਗਰੇਜ਼-ਮਹੰਤ ਦੀ ਮਿਲੀ ਭਗਤ ਦੇ ਵਿਰੁੱਧ ਕਾਫੀ ਰੋਹ ਵੀ ਪੈਦਾ ਹੋਇਆ। ਭਗਤ ਸਿੰਘ ਲਾਹੌਰ ਤੋਂ ਲਾਇਲਪੁਰ ਜਾਂਦੇ, ਨਨਕਾਣੇ ਸਹਿਬ ਗਏ ਅਤੇ ਸਾਰੇ ਸਾਕੇ ਦਾ ਹਾਲ ਦੇਖਿਆ। ਘਰ ਆਉਂਦੇ ਹੋਏ ਸ਼ਹੀਦਾਂ ਦਾ ਕਲੰਡਰ ਵੀ ਲੈਂਦੇ ਆਏ। ਸਾਰੇ ਪੰਜਾਬ 'ਚ ਇਸ ਘਟਨਾ ਦੇ ਰੋਸ ਵਜੋਂ ਕਾਲੇ ਰੰਗ ਦੀ ਪਗੜੀ ਬੰਨ੍ਹੀ ਜਾਣ ਲਗੀ। ਭਗਤ ਸਿੰਘ ਵੀ ਕਾਲੀ ਪੱਗ ਬੰਨਣ ਲਗ ਪਏ ਅਤੇ ਗੁਰਮੁਖੀ ਲਿੱਪੀ ਵੀ ਸਿਖਣੀ ਸ਼ੁਰੂ ਕਰ ਦਿਤੀ।

ਨਵੰਬਰ 1921 ਵਿਚ ਨਾ ਮਿਲਵਰਤਨ ਲਹਿਰ, ਸਾਰੇ ਭਾਰਤ ਵਿਚ ਚੱਲੀ। ਵਿਦਿਆਰਥੀਆਂ ਨੂੰ ਸਕੂਲ ਛੱਡਣ ਲਈ ਕਿਹਾ ਗਿਆ। ਭਗਤ ਸਿੰਘ, ਡੀ. ਏ. ਵੀ, ਸਕੂਲ ਦਸਵੀਂ ਜਮਾਤ ਵਿਚ ਪੜ੍ਹਦੇ ਸਨ ਨੇ ਪੜ੍ਹਾਈ ਛੱਡ ਦਿਤੀ ਅਤੇ ਕੌਮੀ ਲਹਿਰ ਵਿਚ ਕੁੱਦ ਪਏ। ਬਾਬਾ ਜੀ ਨੂੰ 14 ਨਵੰਬਰ 1921 ਦੇ ਖਤ ਵਿਚ ਲਿਖਦੇ ਹਨ, "ਅੱਜਕੱਲ ਰੇਲਵੇ ਵਾਲੇ ਹੜਤਾਲ ਦੀ ਤਿਆਰੀ ਕਰ ਰਹੇ ਹਨ। ਉਮੀਦ ਹੈ ਕਿ ਅਗਲੇ ਹਫਤੇ ਦੇ ਬਾਦ ਜਲਦੀ ਹੀ ਸ਼ੁਰੂ ਹੋ ਜਾਵੇਗੀ।" ਇਹ ਸਤਰਾਂ ਉਨ੍ਹਾਂ ਦੇ ਕੰਮ ਬਾਰੇ ਰੌਸ਼ਨੀ ਪਾਉਂਦੀਆਂ ਹਨ। ਉਹ ਵਿਦੇਸ਼ੀ ਮਾਣ ਦੇ ਤਰਿਸਕਾਰ ਵਿਚ ਵੀ ਬੜੇ ਰੁਝੇ ਰਹੇ। ਪਰ ਨਾ ਮਿਲਵਰਤਨ ਦੀ ਲਹਿਰ ਦਾ ਅਧੂਰੇ ਹੀ ਵਾਪਸ ਲਏ ਜਾਣ ਨੇ ਦੇਸ਼ ਭਗਤਾਂ ਅਤੇ ਨੌਜਵਾਨਾਂ ਦੇ ਮਨਾਂ ਤੇ ਕੁਝ ਐਸਾ ਅਸਰ ਕੀਤਾ ਕਿ ਉਹ ਕੌਮੀ ਲੀਡਰਾਂ ਤੋਂ ਬਦਜ਼ਨ ਹੋ ਗਏ ਤੇ ਕੌਮੀ ਮਸਲਿਆਂ ਦੇ ਹੱਲ ਲਈ ਹੋਰ ਦੁਨੀਆਂ ਦੇ ਤਜਰਬੇ ਨੂੰ ਘੋਖਣ ਲਗੇ।

1922 ਵਿਚ ਦੇਸ ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਹਲਿਆ ਅਤੇ ਸਾਰੇ ਨੌਜਵਾਨਾਂ,

ਜਿਨ੍ਹਾਂ ਨੇ ਅੰਗਰੇਜ਼ੀ ਰਾਜ ਦੀ ਨੌਕਰੀ ਕਰਨ ਵਾਲੀ ਵਿਦਿਆ ਨੂੰ ਤਿਆਗਿਆ ਸੀ, ਨੂੰ ਦੇਸ ਭਗਤੀ ਤੇ ਇਨਕਲਾਬੀ ਤੱਤ ਵਾਲੀ ਵਿਦਿਆ ਦੇਣ ਦਾ ਪਰਬੰਧ ਕੀਤਾ। ਭਗਤ ਸਿੰਘ ਨੂੰ ਖਾਸ ਇਮਤਿਹਾਨ ਬਾਦ ਦਾਖਲਾ ਦਿਤਾ ਗਿਆ। ਇਸ ਦਾਖਲੇ ਲਈ ਉਨ੍ਹਾਂ ਬਹੁਤ ਸਖਤ ਮੇਹਨਤ ਕੀਤੀ। ਨੈਸ਼ਨਲ ਕਾਲਜ ਵਿਚ ਵਿਗਿਆਨਕ ਸੋਚ, ਕਿਤਾਬਾਂ ਨੂੰ ਘੋਖਣ, ਨਵੇਂ ਵਿਚਾਰਾਂ ਨੂੰ ਅਪਨਾਣ ਅਤੇ ਦੇਸ਼ ਦੀ ਹਾਲਾਤ ਦਾ ਮੁਤਾਲਿਆ ਕਰਨ ਦੇ ਢੰਗ ਸਿਖਾਏ ਜਾਂਦੇ ਸਨ। ਖੁਲੀਆਂ ਬਹਿਸਾਂ ਵੀ ਹੁੰਦੀਆਂ ਸਨ। ਏਥੇ ਭਗਤ ਸਿੰਘ ਦਾ ਸਬੰਧ ਭਗਵਤੀ ਚਰਨ ਵੋਹਰਾ ਨਾਲ ਹੋਇਆ, ਜੋ ਦੋ ਸਾਲ ਅਗੇ ਪੜ੍ਹਦੇ ਸਨ। ਸ਼ਹੀਦ ਵੋਹਰਾ ਪੰਜਾਬ ਵਿਚ ਪਹਿਲੇ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਪਾਸ ਰੂਸ ਦਾ ਸਾਹਿਤ ਆਉਂਦਾ ਸੀ। ਉਹ ਆਪਣੇ ਨਿਜੀ ਜੀਵਨ ਵਿਚ ਮਹਾਨ ਇਨਕਲਾਬੀ ਸਨ ਜਿਸ ਕਰਕੇ ਦੁਰਗਾ ਭਾਬੀ ਇਕ ਆਮ ਇਸਤਰੀ ਤੋਂ ਵਿਆਹ ਬਾਦ ਮਹਾਨ ਇਨਕਲਾਬੀ ਬਣੇ। ਸ਼ਹੀਦ ਭਗਵਤੀ ਚਰਨ ਭਗਤ ਸਿੰਘ ਨਾਲ ਬੜਾ ਹੀ ਪਿਆਰ ਕਰਦੇ ਸਨ। ਏਥੇ ਸ਼ਹੀਦ ਸੁਖਦੇਵ ਤੇ ਦੂਸਰੇ ਇਨਕਲਾਬੀਆਂ ਨਾਲ ਹੋਰ ਪਕੇਰੇ ਸਬੰਧ ਵੀ ਬਣੇ। ਸ਼ਹੀਦ ਸੁਖਦੇਵ ਤੇ ਭਗਤ ਸਿੰਘ ਹਮ-ਜਮਾਤੀ ਸਨ ਤੇ ਉਹਨਾਂ ਵਿਚ ਹਰ ਕਿਤਾਬ 'ਤੇ ਬਹਿਸ ਤੇ ਵਿਚਾਰ ਵਟਾਂਦਰਾ ਵੀ ਚਲਦਾ ਸੀ। ਇਹ ਬਹਿਸ ਆਖਰੀ ਦਿਨਾਂ ਵਿਚ ਵੀ ਚਲਦੀ ਰਹੀ ਤੇ ਇਸੇ ਕਰਕੇ ਬਹੁਤ ਅਹਿਮ ਮਸਲਿਆਂ ਤੇ ਸ਼ਹੀਦਾਂ ਦੇ ਵਿਚਾਰ ਕਲਮ ਬੰਦ ਹੋ ਸਕੇ ਸਨ।

ਸ਼ਹੀਦ ਸੁਖਦੇਵ ਤੇ ਭਗਤ ਸਿੰਘ ਹਮ-ਜਮਾਤੀ ਸਨ ਤੇ ਉਹਨਾਂ ਵਿੱਚ ਹਰ ਕਿਤਾਬ 'ਤੇ ਬਹਿਸ ਤੇ ਵਿਚਾਰ ਵਟਾਂਦਰਾ ਵੀ ਚਲਦਾ ਸੀ। ...

1923-24 ਵਿਚ ਵੱਡਾ ਲੜਕਾ ਹੋਣ ਕਰਕੇ ਵਿਆਹ ਦਾ ਚਰਚਾ ਚੱਲ ਰਿਹਾ ਸੀ, ਤਾਂ ਆਪ ਘਰ ਛੱਡ ਕੇ ਕਾਨ੍ਹਪੁਰ ਚਲੇ ਗਏ। ਜਾਂਦੇ ਇਕ ਚਿੱਠੀ ਲਿਖ ਕੇ ਰੱਖ ਗਏ ਕਿ ਬਾਬਾ ਜੀ ਦੀ ਪ੍ਰਤਿਗਿਆ ਮੁਤਾਬਕ ਮੇਰੀ ਜ਼ਿੰਦਗੀ ਅਜ਼ਾਦੀ ਤੇ ਦੇਸ਼ ਲਈ ਲੱਗ ਚੁੱਕੀ ਹੈ, ਸੋ ਉਹ ਫਰਜ਼ ਨਿਭਾਉਣ ਲਈ ਜਾ ਰਿਹਾ ਹਾਂ। ਕਿਤੇ ਪਿਤਾ ਜੀ ਨੇ ਤਲਖੀ ਵਿਚ ਕਿਹਾ ਸੀ ਕਿ ਸ਼ਾਇਦ ਤੂੰ ਸੋਚਦਾ ਹੋਵੇਂਗਾ ਕਿ ਸ: ਅਜੀਤ ਸਿੰਘ ਦੇ ਭਤੀਜੇ ਅਤੇ ਕਿਸ਼ਨ ਸਿੰਘ ਦੇ ਪੁਤਰ ਹੋਣ ਕਰਕੇ ਤੇਰਾ ਬੜਾ ਮਾਣ ਹੋਵੇਗਾ, ਇਸ ਕਰਕੇ ਘਰੋਂ ਜਾਣਾ ਚਾਹੁੰਦਾ ਹੈਂ। ਇਸ ਦਾ ਅਸਰ ਇਹ ਹੋਇਆ ਕਿ ਕਾਨਪੁਰ ਗਣੇਸ਼ ਸ਼ੰਕਰ ਵਿਦਿਆਰਥੀ ਜੀ ਪਾਸ ਪਰਤਾਪ ਅਖਬਾਰ ਵਿਚ ਇਕ ਅਨਜਾਣ ਦੀ ਤਰ੍ਹਾਂ ਕੰਮ ਕਰਨ ਲੱਗ ਪਏ। ਨੈਸ਼ਨਲ ਕਾਲਜ ਦੇ ਇਕ ਅਧਿਆਪਕ ਜੈ ਚੰਦ ਵਿਦਿਆਲੰਕਾਰ ਨੇ ਇਹਨਾਂ ਦਾ ਸੰਬੰਧ ਕਾਨ੍ਹਪੁਰ ਦੇ ਇਨਕਲਾਬੀਆਂ ਨਾਲ ਕਰਾ ਦਿਤਾ ਸੀ। ਏਥੇ ਇਹਨਾਂ ਦਾ ਸਾਥ ਬੀ. ਕੇ. ਦੱਤ, ਸ਼ਿਵ ਵਰਮਾ ਅਤੇ ਜੈ ਦੇਵ ਕਪੂਰ ਨਾਲ ਗੂੜ੍ਹਾ ਹੋ ਗਿਆ ਅਤੇ ਕਾਕੋਰੀ ਦੇ ਦੇਸ਼ ਭਗਤਾਂ, ਸ਼ਹੀਦ ਬਿਸਮਲ ਅਤੇ ਚੰਦਰ-ਸ਼ੇਖਰ ਆਜ਼ਾਦ ਨਾਲ ਵੀ ਬਣ ਗਿਆ। ਦਸਿਆ ਜਾਂਦਾ ਹੈ ਕਿ ਏਥੇ ਇਕ ਪਾਰਟੀ ਦੇ ਕੰਮ ਵਾਸਤੇ ਕਿਸੇ ਪਿੰਡ ਜਬਰਦਸਤੀ ਪੈਸੇ ਲੈਣ ਜਾਣਾ ਪਿਆ (ਯਾਨੀ ਡਾਕਾ ਮਾਰਨ)। ਇਸਨੇ ਇਕ ਬਹੁਤ ਵੱਡਾ ਸਵਾਲ ਉਹਨਾਂ ਦੇ ਮਨ ਵਿਚ ਪੈਦਾ ਕੀਤਾ। ਉਹ ਬਹੁਤ ਰੋਏ ਤੇ ਕਹਿਣ ਲਗੇ ਕਿ ਅਜ਼ਾਦ ਭਾਰਤ ਦੀ ਕੀ ਤਮੰਨਾ ਲੈ ਕੇ ਅਸੀਂ ਏਦਾਂ ਦੇ ਕੰਮਾਂ ਵਿਚ ਭਟਕੇ ਫਿਰਦੇ ਹਾਂ। ਇਹ ਜਬਰਦਸਤੀ, ਹਥਿਆਰਾਂ ਦੇ ਜੋਰ ਪਾਰਟੀ ਲਈ ਪੈਸੇ ਇਕੱਠੇ ਕਰਨਾ ਸਾਨੂੰ ਅਜ਼ਾਦ ਭਾਰਤ ਦੀ ਕੀ ਤਸਵੀਰ ਦੇਵੇਗਾ, ਇਹ ਸਵਾਲ ਕਾਫੀ ਗਹਿਰਾ ਸੀ। ਤੇ ਇਸ ਦੇ ਜਵਾਬ ਦੀ ਖੋਜ ਵੀ ਏਥੋਂ ਸ਼ੁਰੂ ਹੋ ਗਈ। ਕਾਨ੍ਹਪੁਰ ਉਸ ਵੇਲੇ ਸ਼ੌਕਤ ਉਸਮਾਨੀ ਦੇ ਰੂਸ ਤੋਂ ਪਰਤਣ ਬਾਦ ਨਵੇਂ ਵਿਚਾਰਾਂ ਦਾ ਰੰਗਮੰਚ ਵੀ ਬਣ ਗਿਆ ਸੀ ਅਤੇ ਪਹਿਲਾ ਬਾਲਸ਼ਵਿਕ ਸਾਜਸ਼ ਕੇਸ ਵੀ ਏਥੇ ਹੀ ਚੱਲਿਆ ਸੀ। ਰੂਸ, ਆਇਰਲੈਂਡ; ਇਟਲੀ ਤੇ ਦੂਸਰੇ ਦੇਸ਼ਾਂ ਦੇ ਮੁਕਤੀ ਸੰਗਰਾਮਾਂ ਦੀ ਕਹਾਣੀ ਦੀ ਘੋਖ ਏਥੇ ਸ਼ੁਰੂ ਹੋ ਗਈ ਸੀ, ਉਪਰ ਉਠੇ ਸਵਾਲ ਦੀ ਭਾਲ ਵਿਚ।

1924 ਵਿਚ ਬੜੀ ਕੋਸ਼ਿਸ਼ ਬਾਦ ਤੇ ਵਿਦਿਆਰਥੀ ਜੀ ਦੇ ਕਹਿਣ ਤੇ ਇਕ ਵਾਰ ਵਾਪਸ ਲਾਹੌਰ ਮੜ ਆਏ। ਮਾਰਚ 1924 ਵਿਚ ਜੈਤੋਂ ਦਾ ਮੋਰਚਾ ਲੱਗ ਚੁੱਕਾ ਸੀ ਤੇ ਸ਼ਹੀਦੀ ਜੱਥੇ ਜੈਤੋ ਨੂੰ ਜਾ ਰਹੇ ਸਨ। ਸਰਕਾਰ ਨੇ ਐਲਾਨ ਕੀਤਾ ਕਿ ਜੱਥੇ ਨੂੰ ਕੋਈ ਪਾਣੀ ਤੱਕ ਨਾ ਪਲਾਵ। ਇਸ ਦਾ ਚੈਲੰਜ ਲੈਂਦੇ ਹੋਏ ਭਗਤ ਸਿੰਘ 13 ਵੇਂ ਸ਼ਹੀਦੀ ਜੱਥੇ ਨੂੰ ਆਪਣੇ ਪਿੰਡ ਬੰਗੇ ਲਿਆਏ, ਪੁਲੀਸ ਦੀ ਨਾਕਾਬੰਦੀ ਦੇ ਹੁੰਦੇ ਹੋਏ ਲੰਗਰ ਛਕਾਇਆ ਜੋ ਕਿ ਪਹਿਲਾਂ ਹੀ ਕਮਾਦਾਂ ਦੇ ਖੇਤਾਂ ਵਿਚ ਰੱਖਿਆ ਹੋਇਆ ਸੀ। ਇਸ ਵਿਚ ਰੋੜੇ ਪਿੰਡ ਦੇ ਮੁਜਾਰਿਆਂ ਵਲੋਂ ਵੀ ਮਦਦ ਮਿਲੀ। ਕਿਸੇ ਜਿਮੀਂਦਾਰ ਜਾਂ ਸਫੈਦ ਪੋਸ਼ ਵਲੋਂ ਨਹੀਂ। ਉਹ ਤਾਂ ਉਲਟ ਫੜਾਉਣ ਦੇ ਯਤਨਾਂ ਵਿਚ ਸਨ। ਇਸ ਕੰਮ ਨੇ ਜੱਥੇ ਦਾ ਹੌਂਸਲਾਂ ਤਾਂ ਵਧਾਇਆ ਹੀ, ਨਾਲ ਅੰਗਰੇਜ਼ਾਂ ਨੂੰ ਚਣੌਤੀ ਵੀ ਦਿੱਤੀ। ਲੋਕਾਂ ਦੇ ਹੌਂਸਲੇ ਵੀ ਬਹੁਤ ਵਧੇ। ਜੱਥੇ ਨੂੰ ਬੜਾ ਜਜ਼ਬਾਤੀ ਲੈਕਚਰ ਦਿਤਾ, ਜਿਸ ਬਾਰੇ ਪਿੰਡ ਦੇ ਮਰਾਸੀ ਨੇ ਦਸਿਆ ਕਿ ਉਹ ਸੁਣ ਕੇ ਬੜੀ ਦੇਰ ਰੋਂਦਾ ਰਿਹਾ। ਇਸ ਹੌਂਸਲੇ ਵਾਲੇ ਕੰਮ ਕਰਕੇ ਭਗਤ ਸਿੰਘ ਦੇ ਪੁਲੀਸ ਵਰੰਟ ਨਿਕਲ ਗਏ। ਪਿਤਾ ਜੀ ਨੇ ਉਨ੍ਹਾਂ ਨੂੰ ਹੁਣ ਆਪ ਕਾਨ੍ਹਪੁਰ ਭੇਜ ਦਿਤਾ ਤਾਂ ਕਿ 6 ਮਹੀਨੇ ਦੀ ਮਿਆਦ ਪੁੱਗ ਜਾਏ। ਇਹ ਭਗਤ ਸਿੰਘ ਵਾਸਤੇ ਸੁਨਿਹਰੀ ਮੌਕਾ ਸੀ, ਆਪਣੇ ਇਨਕਲਾਬੀ ਸਾਥੀਆਂ ਨਾਲ ਸਬੰਧ ਪੱਕੇ ਕਰਨ ਦਾ।

ਗਣੇਸ਼ ਸ਼ੰਕਰ ਵਿਦਿਆਰਥੀ ਜੀ ਨੇ ਆਪ ਨੂੰ ਅਲੀਗੜ੍ਹ, ਜਿਲ੍ਹੇ ਦੇ ਪਿੰਡ ਸਾਦੀਪੁਰ ਵਿਚ

ਨੈਸ਼ਨਲ ਸਕੂਲ ਦੇ ਹੈਡਮਾਸਟਰ ਲਗਾ ਦਿਤਾ। ਇਸ ਨੇ ਨੌਜਵਾਨਾਂ ਵਿਚ ਕੌਮੀ ਤੇ ਇਨਕਲਾਬੀ ਰੂਹ ਪੈਦਾ ਕਰਨ ਦੇ ਤਜਰਬੇ ਦਾ ਮੌਕਾ ਦਿਤਾ। ਇਸ ਦੌਰਾਨ ਕਾਨ੍ਹਪੁਰ ਵਿਚ ਬੜਾ ਵੱਡਾ ਹੜ੍ਹ ਆਇਆ ਤਾਂ ਭਗਤ ਸਿੰਘ ਦੀ ਹੜ੍ਹਪੀੜਤਾਂ ਨੂੰ ਮੱਦਦ ਦੇਣ ਦੀ ਲਗਨ ਤੇ ਸਵਾ ਦੀ ਸਭ ਨੇ ਬਹੁਤ ਸ਼ਲਾਘਾ ਕੀਤੀ। ਸ਼ਾਇਦ ਸਰਕਾਰ ਦੀ ਲੋਕਾਂ ਨੂੰ ਮਦਦ ਦੇਣ ਦੀ ਢਿਲ ਨੇ ਆਪ ਦੇ ਅੰਦਰ ਕੁਝ ਹੋਰ ਗਹਿਰੇ ਸਵਾਲ ਜਰੂਰ ਖੜੇ ਕੀਤੇ ਹੋਣਗੇ। ਬੀ ਕੇ. ਦੱਤ ਜੀ ਮੁਤਾਬਕ "ਦੁਨੀਆਂ ਦੇ ਇਨਕ-ਲਾਬੀ ਤਜਰਬੇ ਦੀ ਘੋਖ, ਬੜੀ ਲਗਨ ਨਾਲ ਜਾਰੀ ਰਹੀ।"

1924 ਵਿਚ ਸ੍ਰ: ਕਿਸ਼ਨ ਸਿੰਘ ਭਗਤ ਸਿੰਘ ਨੂੰ ਬੇਲਗਾਮ ਕਾਂਗਰਸ ਵਿਚ ਇਕ ਡੈਲੀਗੇਟ ਦੇ ਨਾਤੇ, ਲੈ ਕੇ ਗਏ। ਦੇਸ਼ ਦੇ ਲੀਡਰਾਂ ਨੂੰ ਕੋਲੋਂ ਹੋ ਕੇ ਦੇਖਣ ਦਾ ਮੌਕਾ ਵੀ ਮਿਲਿਆ। ਪਰ ਅਜ਼ਾਦ ਭਾਰਤ ਕੀ ਹੋਵੇਗਾ ਦਾ ਜਵਾਬ ਨਾ ਮਿਲਆ। ਪੁਰਾਣੇ ਇਨਕਲਾਬੀ ਨਿਰਲੰਬਾ ਸਵਾਮੀ ਨਾਲ ਭਗਤ ਸਿੰਘ ਦੀ ਮੁਲਾਕਾਤ ਸ੍ਰ: ਕਿਸ਼ਨ ਸਿੰਘ ਜੀ ਨੇ ਕਰਾਈ। ਸਵਾਲ ਜਵਾਬ ਬਾਦ ਸਵਾਮੀ ਜੀ ਨੇ ਕਿਹਾ ਕਿ "ਭਗਤ ਸਿੰਘ ਬੜਾ ਵੱਡਾ ਇਨਕਲਾਬੀ ਬਣ ਰਿਹਾ ਹੈ. ਸੋ ਸ੍ਰ: ਕਿਸ਼ਨ ਸਿੰਘ ਜੀ ਇਸ ਨੂੰ ਅੱਗੇ ਵਧਣ ਦਿਓ।"

1925 ਦੇ ਸ਼ੁਰੂ ਵਿਚ ਭਗਤ ਸਿੰਘ ਦਾ ਲਾਹੌਰ ਤੋਂ ਕਾਨ੍ਹਪੁਰ ਆਉਣ ਜਾਣ ਬਣਿਆ ਰਿਹਾ ਅਤੇ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਉਹ "ਸਿਰਫ ਰੋਮਾਂਟਕ ਵਿਚਾਰਵਾਦੀ ਇਨਕਲਾਬੀ" ਸੀ। ਭਾਵੇਂ ਸਮਾਜਵਾਦ ਤੇ ਕਮਿਊਨਿਜ਼ਮ ਦੇ ਵਿਚਾਰ, ਕ੍ਰਾਂਤੀਕਾਰੀਆਂ ਵਿਚ ਆ ਚੁਕੇ ਸਨ ਤੇ ਰਾਜਿੰਦਰ ਲੇਹੜੀ ਕਾਕੋਰੀ ਦੇ ਸ਼ਹੀਦਾਂ ਵਿਚੋਂ ਇਸ ਬਾਰੇ ਕਾਫੀ ਪੜ੍ਹੇ ਲਿਖੇ ਸਨ, ਪਰ ਅਮਲ ਵਿਚ ਦੂਰੀ ਬਣੀ ਹੋਈ ਸੀ। ਭਾਵੇਂ ਆਪਣੇ ਸਭ ਤੋਂ ਛੋਟੇ ਭਰਾ ਦਾ ਨਾਂ 'ਰਾਜਿੰਦਰ' ਭਗਤ ਸਿੰਘ ਨੇ ਉਨ੍ਹਾਂ ਤੋਂ ਪਰਭਾਵਤ ਹੋ ਕੇ ਰਖਿਆ ਸੀ, ਪਰ ਇਸ ਅਮਲੀ ਤਰੁੱਟੀ ਤੋਂ ਜਾਣੂ ਵੀ ਸਨ। 9 ਅਗਸਤ 1925 ਨੂੰ ਕਾਕੋਰੀ ਵਿਖੇ ਸਰਕਾਰੀ ਖਜਾਨਾ ਖੋਹਿਆ ਗਿਆ, ਪਾਰਟੀ ਦੇ ਕੰਮ ਨੂੰ ਤੇਜ ਕਰਨ ਲਈ, ਪਰ ਇਸ ਦੇ ਨਾਲ ਹੀ ਸ਼ਹੀਦ ਬਿਸਮਲ ਤੇ ਉਨ੍ਹਾਂ ਦੇ ਸਾਥੀ ਫੜੇ ਗਏ। ਸਿਰਫ ਚੰਦਰਸ਼ੇਖਰ ਅਜ਼ਾਦ ਜੋ ਮਫਰੂਰ ਰਹੇ ਬਚੇ ਤਾਂ ਪਾਰਟੀ ਦਾ ਨਵੇਂ ਸਿਰਿਉਂ ਗੱਠਜੋੜ ਦਾ ਸਾਰਾ ਭਾਰ ਭਗਤ ਸਿੰਘ ਨੇ ਲੈ ਲਿਆ। ਇਸ ਤੋਂ ਪਹਿਲਾ ਪਾਰਟੀ ਦਾ ਨਾਂ ਹਿੰਦੋਸਤਾਨ ਰੀਪਬਲੀਕਨ ਪਾਰਟੀ ਸੀ। ਜਿਸ ਹਾਲਾਤ ਦਾ ਮੁਕਾਬਲਾ ਕਰਨਾ ਪਿਆ, ਭਗਤ ਸਿੰਘ ਦੇ ਲਫਜ਼ਾਂ ਵਿਚ ਹੀ "ਫੇਰ ਸਾਰੀ ਜਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਣ ਇਹਦੀ ਹੋਂਦ ਹੀ ਖਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ-ਨਹੀਂ-ਸਗੋਂ ਆਗੂ ਵੀ ਸਾਡਾ ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫਲਤਾ ਦਾ ਯਕੀਨ ਹੋ ਜਾਵੇਗਾ। ਇਹ ਮੇਰੇ ਇਨਕਲਾਬੀ ਜੀਵਨ ਵਿਚ ਆਇਆ ਵੱਡਾ ਮੋੜ ਸੀ।" ਕਾਕੋਰੀ ਕੇਸ ਦੇ ਦੌਰਾਨ ਆਮ ਲੋਕਾਂ ਦੀਆਂ ਗਵਾਹੀਆਂ ਨੇ, ਪਾਰਟੀ ਦੇ ਆਗੂ ਜੋ ਗਹਿਰੀ ਲਗਨ ਤੇ ਤਿਆਗ ਵਾਲੇ ਸਨ, ਨਿਰਸਵਾਰਥੀ ਵੀ ਸਨ, ਦੀ ਜਨਤਾ ਨਾਲ ਜੁੜਨ ਦੀ ਨਾਕਾਮਯਾਬੀ ਦਾ ਸਵਾਲ ਵੀ ਅਗੇ ਲਿਆ ਖੜਾ ਕੀਤਾ ਸੀ।

ਨਵੰਬਰ, 1925 ਵਿਚ ਕਾਕੋਰੀ ਕੇਸ ਦੇ ਦੇਸ਼-ਭਗਤਾਂ ਨੂੰ ਛਡਾਣ ਦਾ ਪਹਿਲਾ ਯਤਨ ਅਸਫਲ ਰਿਹਾ ਤੇ ਫਿਰ ਦੂਸਰਾ ਯਤਨ ਜਨਵਰੀ-ਫਰਵਰੀ 1926 ਵਿਚ ਕੀਤਾ ਤੇ ਉਹ ਵੀ ਅਸਫਲ ਰਿਹਾ। ਇਸਦੇ ਬਾਦ ਇਹ ਗੱਲ ਵਾਜਿਆ ਹੋ ਗਈ ਕਿ ਇਨਕਲਾਬੀ ਲਹਿਰ ਦਾ ਭਾਰ ਨਵੇਂ ਸਾਥੀਆਂ ਨੂੰ ਚੁਕਣਾ ਹੀ ਪਵੇਗਾ। ਇਸ ਦੀ ਤਿਆਰੀ ਲਈ ਭਗਤ ਸਿੰਘ ਨੇ ਆਪਣੇ ਸ਼ਬਦਾਂ ਵਿਚ ਕਿਹਾ ਹੈ, "ਅਧਿਅਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ! ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"

ਇਸਦੇ ਨਾਲ ਹੀ ਇਨਕਲਾਬੀ ਯਥਾਰਥਵਾਦੀ ਭਗਤ ਸਿੰਘ ਨੇ ਰੋਮਾਂਟਕ ਤੇ ਵਿਚਾਰਵਾਦੀ ਦੀ ਥਾਂ ਲੈ ਲਈ। ਪਾਰਟੀ ਦੇ ਨਾਂ ਵਿਚ ਸਮਾਜਵਾਦ ਸ਼ਬਦ ਜੋੜ ਕੇ ਅਜ਼ਾਦ ਭਾਰਤ ਦੀ ਤਸਵੀਰ ਪੇਸ਼ ਕੀਤੀ ਗਈ। ਪਾਰਟੀ ਦਾ ਨਾਂ ਹੋ ਗਿਆ ਹਿੰਦੋਸਤਾਨ ਸਮਾਜਵਾਦੀ ਰੀਬਲੀਕਨ ਪਾਰਟੀ। 1927 ਵਿਚ 'ਬੰਦੀ ਜੀਵਨ' "ਡੈਨਬਰੀਨ ਦੀ ਜੀਵਨੀ" ਆਦਿ ਦਾ ਤਰਜਮਾ ਕਰਕੇ ਭਗਤ ਸਿੰਘ ਨੇ ਦੂਸਰਿਆਂ ਨੂੰ ਵੀ ਪੜ੍ਹਾਉਣਾ ਸ਼ੁਰੂ ਕੀਤਾ। ਭਾਰਤ ਦੀਆਂ ਅਜ਼ਾਦੀ ਦੀਆਂ ਲਹਿਰਾਂ ਤੇ ਸਿਲਸਿਲੇ ਵਾਰ ਲਿਖਣਾ ਸ਼ੁਰੂ ਕੀਤਾ ਤਾਂ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਤੋਂ ਲੋਕਾਂ ਨੂੰ ਜਾਣੂ ਕਰਾਇਆ ਜਾ ਸਕੇ। ਇਸ ਸਮੇਂ ਦੌਰਾਨ ਭਗਤ ਸਿੰਘ ਨੇ ਬਹੁਤ ਲਿਖਿਆ ਤੇ ਕਿਰਤੀ ਅਖਬਾਰ ਦੇ ਵਿਚ ਐਡੀਟਰ

ਜਦ ਤੱਕ ਸਮਾਜਵਾਦੀ ਲੋਕ-ਰਾਜ ਸਥਾਪਤ ਨਹੀਂ ਹੋ ਜਾਂਦਾ, ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸਦੇ ਥਾਂ ਸਮਾਜ ਖੁਸ਼ਹਾਲੀ ਤੇ ਅਧਾਰਤ ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ, ਜਦ ਤੱਕ ਹਰ ਕਿਸਮ ਦੀ ਲੁੱਟ ਖਸੁੱਟ ਅਸੰਭਵ ਬਣਾ ਕੇ ਮਨੁੱਖਤਾ 'ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ, ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਦਲੇਰੀ ਨਿੱਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਏਗੀ। ਨਿਕਟ ਭਵਿੱਖ ਵਿਚ ਆਖ਼ਰੀ ਯੁੱਧ ਛਿੜਿਆ ਜਾਵੇਗਾ ਤੇ ਉਹ ਫੈਸਲਾ ਕੁਨ ਹੋਵੇਗਾ।

– ਗਵਰਨਰ ਪੰਜਾਬ ਨੂੰ ਖ਼ਤ ਵਿਚੋਂ
(ਭਗਤ ਸਿੰਘ/ਰਾਜਗੁਰੂ/ਸੁਖਦੇਵ
20 ਮਾਰਚ 1931)

ਰਹੇ। ਉਥੇ ਦੁਨੀਆਂ ਵਿਚ ਪਸਰ ਰਹੇ ਵਿਚਾਰਾਂ ਦੀ ਘੋਖ ਦੇ ਲੇਖ ਵੀ ਛਾਪੇ। ਫਰਵਰੀ 1928 ਵਿਚ ਅਲਾਹਾਬਾਦ ਤੋਂ ਨਿਕਲਣ ਵਾਲੇ ਚਾਂਦ ਦੇ ਫਾਂਸੀ ਅੰਕ ਦਾ ਸੰਪਾਦਨ ਵੀ ਕੀਤਾ। ਮਈ 1927 ਵਿਚ ਕਾਕੋਰੀ ਦੇ ਵੀਰਾਂ ਨਾਲ ਜਾਣ ਪਛਾਣ ਲੇਖ, ਕਿਰਤੀ ਵਿਚ ਛਪਦੇ ਹੀ ਭਗਤ ਸਿੰਘ ਦੀ ਪਹਿਲੀ ਗਰਿਫਤਾਰੀ ਵੀ ਹੋਈ। ਏਸ ਸਮੇਂ ਦੀ ਹੀ ਮੰਜੇ ਤੇ ਬੈਠਿਆਂ ਦੀ ਫੋਟੋ ਆਮ ਪਰਚਲਤ ਹੈ। ਪਰ ਪੁਲੀਸ ਕੁਝ ਪ੍ਰਾਪਤ ਨਾ ਕਰ ਸਕੀ ਤੇ ਜਮਾਨਤ ਤੇ ਛੱਡ ਦਿਤਾ।

ਘਰ ਡੈਰੀ ਬਣਾ ਦਿਤੀ ਗਈ, ਪਰ ਇਨਕਲਾਬੀ ਕੰਮ ਜੋਰ ਨਾਲ ਚਲਦਾ ਰਿਹਾ। ਨੌਜਵਾਨ ਭਾਰਤ ਸਭਾ ਬਣੀ, ਪੰਜਾਬ ਸਟੂਡੈਂਟ ਯੂਨੀਅਨ ਬਣੀ, ਗਦਰ ਪਾਰਟੀ ਦਿਨ ਤੇ ਫੋਟੋਆਂ ਦਿਖਾ-ਈਆਂ ਗਈਆਂ। ਯਾਨੀ ਕਿ ਜਨਤਾ ਵਿਚ ਜਾਗ੍ਰਤੀ ਦੇ ਹਰ ਸੰਭਵ ਯਤਨ ਕੀਤੇ ਜਾਣ ਲਗੇ। ਇਸ ਸਮੇਂ ਕਾਫੀ ਕੁਝ ਲਿਖਿਆ ਗਿਆ। ਮੁਸੀਬਤਾਂ ਸਹਿਣ ਤੇ ਕੁਰਬਾਨੀਆਂ ਕਰਨ ਦੇ ਮੰਤਵ ਨੂੰ ਵੀ ਪਰਚਾਰਿਆ ਗਿਆ।

1928 ਵਿਚ ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਜਨਤਕ ਲਹਿਰ ਲਾਮਬੰਦ ਕੀਤੀ ਤੇ ਜਦ ਨਵੰਬਰ 1928 ਵਿਚ ਲਾਲਾ ਲਾਜਪਤ ਰਾਏ ਮਰ ਗਏ ਤਾਂ ਦੇਸ਼ ਭਰ ਵਿਚ ਇਕ ਅਜੇਹੀ ਬੇਬਸੀ ਦੀ ਲਹਿਰ ਦੌੜ ਗਈ ਕਿ ਉਸਨੂੰ ਤੋੜਨਾ ਲੋਕਾਂ ਦੇ ਮਾਨਸਕ ਉਲਝਣ ਨੂੰ ਤੋੜਨਾ ਸੀ ਸੋ ਸਾਂਡਰਸ ਨੂੰ ਮਾਰ ਕੇ ਲੋਕਾਂ ਦੀ ਮਾਨਸਕ ਡਰ ਨੂੰ ਤੋੜਿਆ ਗਿਆ। ਇਸ ਨਾਲ ਦੇਸ ਦੇ ਨੇਤਾਵਾਂ ਵਿਚ ਵੀ ਇਨਕਲਾਬੀਆਂ ਲਈ ਸਤਿਕਾਰ ਵਧ ਗਿਆ। ਪਰ ਇਨਕਲਾਬੀ ਕਿਸ ਸੰਕਲਪ ਲਈ ਜੂਝ ਰਹੇ ਹਨ ਇਹ ਲੋਕਾਂ ਸਾਹਮਣੇ ਰੱਖਣ ਦਾ ਵਕਤ ਵੀ ਨਾਲ ਹੀ ਆ ਗਿਆ। 1929 ਵੇਲੇ ਦੁਨੀਆਂ ਵਿਚ ਸਾਮਰਾਜੀ ਮੰਦਵਾੜੇ ਦਾ ਸਮਾਂ ਸੀ, ਪਬਲਿਕ ਸੇਫਟੀ ਬਿਲ ਤੇ ਟਰੇਡ ਡਿਸਪਿਊਟਸ ਬਿੱਲ (ਹੁਣ ਐਨ. ਐਸ. ਏ. ਤੇ ਜ਼ਰੂਰੀ ਸੇਵਾਵਾਂ ਐਕਟ, 1981, ਇਸ ਦੇ ਹੀ ਬਦਲਵੇਂ ਨਾਂ ਹਨ) ਵਰਗੇ ਕਾਲੇ ਦਮਣਕਾਰੀ ਕਾਨੂੰਨ ਲਿਆ ਕੇ ਕਾਮੇ, ਕਿਰਤੀਆਂ ਦੀਆਂ ਜਥੇਬੰਦੀਆਂ ਦਾ ਦਮਨ ਕਰਨ ਦਾ ਇਰਾਦਾ ਅੰਗਰੇਜ਼ ਸਾਮਰਾਜ ਨੇ ਕੀਤਾ। 8 ਅਪ੍ਰੈਲ 1929 ਨੂੰ ਇਨ੍ਹਾਂ ਦੇ ਖਿਲਾਫ ਭਾਰਤੀ ਅਵਾਜ ਬੁਲੰਦ ਕਰਨ ਲਈ ਭਗਤ ਸਿੰਘ ਤੇ ਦੱਤ ਨੇ ਦਿੱਲੀ ਅਸੈਂਬਲੀ ਵਿਚ ਬੰਬ ਸੁਟਿਆ। ਡੱਟ ਕੇ ਬਿਆਨ ਦਿਤਾ ਅਤੇ ਇਨਕਲਾਬ ਦੇ ਅਰਥ ਵੀ ਸਮਝਾ ਦਿਤੇ

ਇਸ ਤੋਂ ਬਾਦ ਜੇਲ੍ਹਾਂ ਵਿਚ ਮੰਦੇ ਹਾਲ ਦਾ ਜੋ ਸਾਹਮਣਾ ਰਾਜਨੀਤਕ ਕੈਦੀਆਂ ਨੂੰ ਕਰਨਾ ਪੈ ਰਿਹਾ ਸੀ, ਉਸਦੇ ਖਿਲਾਫ਼ ਅਵਾਜ ਬੁਲੰਦ ਕਰਨ ਲਈ ਲੰਬੀ ਭੁੱਖ-ਹੜਤਾਲ ਕੀਤੀ ਗਈ। ਜੂਨ 1929 ਤੋਂ ਇਹ ਭੁੱਖ-ਹੜਤਾਲ ਚੱਲੀ। 13 ਸਤੰਬਰ 1929 ਨੂੰ ਭੁਖ-ਹੜਤਾਲ ਦੌਰਾਨ ਜੇਤਿੰਦਰ ਨਾਥ ਸ਼ਹੀਦ ਹੋ ਗਏ। ਕੁਝ ਸ਼ਰਤਾਂ ਮੰਨ ਲਈਆਂ ਗਈਆਂ। ਜਿਸ ਵਿਚ ਕਿਤਾਬਾਂ ਪੜ੍ਹਨ ਨੋਟਸ ਬਣਾਉਣ ਤੇ ਲਿਖਣ ਦਾ ਹੱਕ ਵੀ ਰਾਜਸੀ ਕੈਦੀਆਂ ਨੂੰ ਮਿਲਿਆ। ਇਸ ਦੌਰਾਨ ਭਾਰਤ ਵਿਚ ਸਾਂਝੀਵਾਲ ਰਾਜ ਦੀ ਕਾਮਯਾਬੀ ਲਈ ਤੇ ਦੂਸਰੇ ਅਹਿਮ ਮਸਲਿਆਂ ਤੇ ਭਗਤ ਸਿੰਘ ਬਹੁਤ ਕੁਝ ਲਿਖ ਸਕੇ। ਇਹ ਸਮਾਂ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਾ ਅਮਲੀ ਤੌਰ ਤੇ ਇਨਕਲਾਬੀ ਜੀਵਨ ਲੋਕਾਂ ਸਾਹਮਣੇ ਰੱਖਣ ਦਾ ਸੀ। ਹਾਲਾਤਾਂ ਨੂੰ ਸੁਧਾਰਨ ਲਈ ਜਦੋ ਜਹਿਦ ਦਾ।

ਇਸ ਸਾਰੇ ਵਕਤ ਸਮੇਂ ਪਹਿਲਕਦਮੀ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਹੱਥਾਂ ਵਿਚ ਰਹੀ, ਚਾਹੇ ਜੇਲ੍ਹ ਸੁਧਾਰ ਦੀ ਗੱਲ ਸੀ ਜਾਂ ਲਾਹੌਰ ਸਾਜਸ਼ ਕੇਸ ਦਾ ਮੁਕੱਦਮਾ। ਹਰ ਕਦਮ ਤੇ ਸਮਾਜਵਾਦ ਦੇ ਮਨੋਰਥ ਦਾ ਪਰਚਾਰ ਚਲਦਾ ਰਿਹਾ। ਆਪਣੇ ਮੁਕੱਦਮੇ ਦੀ ਸੰਜੀਦਗੀ ਦੇ ਬਾਵਜੂਦ ਉਨ੍ਹਾਂ ਦਾ ਮੁਕੱਦਮੇ ਵਲ ਰਵੱਈਆ ਮਖੌਲਕੁਨ ਰਿਹਾ ਤੇ ਲੋਕਾਂ ਵਿਚ ਭਗਤ ਸਿੰਘ ਤੇ ਉਸਦੇ ਸਾਥੀਆਂ ਦਾ ਪਿਆਰ ਵਧਦਾ ਗਿਆ ਤੇ ਅੰਗਰੇਜ ਸਾਮਰਾਜ ਦਾ ਡਰ ਲੋਕਾਂ ਵਿਚੋਂ ਖਤਮ ਹੁੰਦਾ ਗਿਆ।

ਇਸ ਸਮੇਂ ਦੌਰਾਨ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਵਿਚ ਇਸ ਸਮਾਜਵਾਦ ਦੀ ਮੰਜਿਲ ਦੀ ਪ੍ਰਾਪਤੀ ਲਈ ਵੀ ਲੇਖ ਲਿਖੇ ਜਾਂਦੇ ਰਹੇ।

ਆਖਰ 7 ਅਕਤੂਬਰ 1930 ਨੂੰ ਮੁਕੱਦਮੇ ਦਾ ਡਰਾਮਾ ਖਤਮ ਹੋਇਆ। ਸਜ਼ਾ ਫਾਂਸੀ ਤਿੰਨਾਂ ਸਾਥੀਆਂ ਨੂੰ ਦਿਤੀ ਗਈ। ਪਰ ਜੇਲ੍ਹ ਕੋਠੜੀ ਦੇ 6 ਮਹੀਨੇ ਵੀ ਉਨ੍ਹਾਂ ਇਨਕਲਾਬ ਦੀ ਸਫਲਤਾ ਲਈ ਵਿਚਾਰ ਕਰਦੇ, ਸਾਥੀਆਂ ਨਾਲ ਵਿਚਾਰ ਸਾਂਝੇ ਕਰਦੇ ਗੁਜ਼ਾਰੇ। ਇਹ ਲਿਖਤਾਂ ਤੁਸੀਂ ਏਥੇ ਪੜ੍ਹ ਸਕੋਗੇ

23 ਮਾਰਚ, 1931 ਦੇ ਆਖਰੀ ਦਿਨ ਭਗਤ ਸਿੰਘ ਲੈਨਿਨ ਪੜ੍ਹ ਰਹੇ ਸਨ। ਇਸ ਵਿਚ ਵੀ ਇਕ ਸੁਨੇਹਾ ਹੈ ਕਿ ਅਗੇ ਭਾਰਤ ਦੇ ਲੋਕਾਂ ਦੇ ਮਸਲੇ ਹੱਲ ਕਰਨ ਲਈ ਉਹ ਤਜਰਬਾ ਅਗਵਾਈ ਕਰੇ।

ਜਿਸ ਤਰੀਕੇ ਨਾਲ ਸ਼ਹੀਦ ਭਗਤ ਸਿੰਘ ਨੇ ਆਜਾਦ ਭਾਰਤ ਦੇ ਸੰਕਲਪ ਨੂੰ ਸਾਹਮਣੇ ਲਿਆਂਦਾ ਹੈ। ਉਸੇ ਤਰ੍ਹਾਂ ਇਕ ਇਨਕਲਾਬੀ ਨੂੰ ਕਿਵੇਂ ਜੀਵਨ ਦੇ ਮਸਲੇ ਘੋਖਣੇ ਤੇ ਉਨ੍ਹਾਂ ਦੇ ਹੱਲ ਲਈ ਵਧਣਾ ਚਾਹੀਦਾ ਹੈ ਉਸਦਾ ਤਜਰਬਾ ਵੀ ਸਾਡੇ ਸਾਹਮਣੇ ਰਖਿਆ ਹੈ। ਇਹ ਜੀਵਨ ਵਿਕਾਸ ਇਕ ਵਿਗਿਆਨਕ ਇਨਕਲਾਬੀ ਵਿਕਾਸ ਦਾ ਰਾਹ ਦਿਖਾਂਦਾ ਹੈ, ਜਿਸ ਨੂੰ ਅਮਲੀ ਜੀਵਨ ਵਿਚ ਹਰ ਮਨੁੱਖ ਮੇਹਨਤ ਕਰਕੇ ਅਪਣਾ ਸਕਦਾ ਹੈ। ● (PANJAB, INDIA)

* * *

ਅਸੀਂ ਇਹ ਐਲਾਨ ਕਰਦੇ ਹਾਂ ਕਿ ਇਕ ਜੁੱਧ ਚੱਲ ਰਿਹਾ ਹੈ ਤੇ ਇਹ ਤਦ ਤੱਕ ਚੱਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲਵੇਂ, ਅਤੇ ਉਹ ਜਨਤਾ ਦਾ ਖੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀ-ਮਿਲੀ ਨੌਕਰ-ਸ਼ਾਹੀ ਦੀ ਮਸ਼ੀਨ ਨੂੰ ਵਰਤਣ।

— ਗਵਰਨਰ ਪੰਜਾਬ ਨੂੰ ਖਤ ਵਿਚੋਂ
(ਭਗਤ ਸਿੰਘ/ਰਾਜਗੁਰੂ/ਸੁਖਦੇਵ
20 ਮਾਰਚ 1931)

# ਵੇਖਣ ਲਈ ਜਿੰਨ੍ਹਾਂ ਨੂੰ ਅੱਖਾਂ ਤਰਸਦੀਆਂ ਨੇ

ਇਹ ਰਚਨਾ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਮਾਰਚ 1981 ਵਿੱਚ ਤਿਆਰ ਕੀਤੀ ਗਈ ਪੁਸਤਕ 'ਸ਼ਹੀਦ ਭਗਤ ਸਿੰਘ: ਮਨੁੱਖ ਤੇ ਵਿਚਾਰ' (ਪ੍ਰਕਾਸ਼ਕ: ਪੰਜਾਬ ਬੁੱਕ ਸੈਂਟਰ ਚੰਡੀਗੜ੍ਹ) ਵਿੱਚੋਂ ਹੈ। ਇਸ ਦਾ ਟਾਈਟਲ ਪੇਜ਼ 'ਤੇ ਦਿੱਤੇ ਗਏ ਸਕੈੱਚ (ਕਾਮਰੇਡ: ਸੁਖਦੇਵ, ਰਾਜਗੁਰੂ, ਭਗਤ ਸਿੰਘ) ਵੀ ਇਸ ਪੁਸਤਕ 'ਚੋਂ ਹੀ ਹਨ।

(ਸ਼ਹੀਦਾਂ ਦਾ ਸਿਰਤਾਜ ਭਗਤ ਸਿੰਘ ਕਦੇ ਕਦੇ ਸ਼ਹੀਦਾਂ ਦੀ ਯਾਦ ਵਿਚ ਗਾਉਂਦਾ ਹੁੰਦਾ ਸੀ :

ਉਹ ਸੂਰਤਾਂ ਓ ਰੱਬਾ ਕਿਸ ਦੇਸ਼ ਵਸਦੀਆਂ ਨੇ।
ਵੇਖਣ ਲਈ ਜਿਨ੍ਹਾਂ ਨੂੰ ਅੱਖਾਂ ਤਰਸਦੀਆਂ ਨੇ।

ਆਖਰ, ਭਗਤ ਸਿੰਘ ਦੀ ਆਪਣੀ ਸੂਰਤ ਕਿਹੋ ਜਿਹੀ ਸੀ? ਉਸਦਾ ਚਰਿਤਰ ਕਿਹੋ ਜਿਹਾ ਸੀ? ਅਸੀਂ ਇਸ ਸਬੰਧ ਵਿਚ ਉਸਦੇ ਸਾਥੀਆਂ, ਪ੍ਰਸਿੱਧ ਸ਼ਖਸੀਅਤਾਂ ਅਤੇ ਹੋਰਨਾਂ ਵੱਲੋਂ ਪ੍ਰਗਟ ਕੀਤੇ ਵਿਚਾਰਾਂ ਨੂੰ ਅੰਕਿਤ ਕਰ ਰਹੇ ਹਾਂ। ਨਾਲ ਹੀ ਸਬੰਧਤ ਪੁਸਤਕਾਂ, ਨਿਬੰਧਾਂ, ਭਾਸ਼ਨਾਂ ਅਤੇ ਦਸਤਾਵੇਜ਼ਾਂ ਦਾ ਹਵਾਲਾ ਦਿਤਾ ਜਾ ਰਿਹਾ ਹੈ।—ਸੰਪਾਦਕ)

**1. ਬਾਬਾ ਸੋਹਨ ਸਿੰਘ ਭਕਨਾ**

**(ਗਦਰ ਪਾਰਟੀ ਦੇ ਬਾਨੀ) ਜੀਵਨ ਸੰਗਰਾਮ।**

"ਭਗਤ ਸਿੰਘ 6 ਫੁੱਟ ਲੰਮਾ, ਬਹੁਤ ਖੂਬਸੂਰਤ ਅਤੇ ਅਜੇ ਮਸਫੁਟਾ ਨੌਜਵਾਨ ਸੀ। ਨਿਡਰ ਜਰਨੈਲ, ਫਿਲਾਸਫਰ ਤੇ ਉਚ ਦਰਜੇ ਦੀ ਰਾਜਸੀ ਸੂਝ ਰੱਖਣ ਵਾਲਾ ਸੀ। ਦੇਸ਼ਭਗਤੀ ਦੇ ਨਾਲ ਨਾਲ ਦੁਨੀਆਂ ਭਰ ਦੀ ਪੀੜਤ ਜਨਤਾ ਦਾ ਦਰਦ ਉਹਦੇ ਦਿਲ ਵਿਚ ਕੁਟ ਕੁਟ ਕੇ ਭਰਿਆ ਹੋਇਆ ਸੀ। ਜਦ ਵੀ ਮੈਂ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇੰਝ ਲਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭੇ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ ਪਰ ਉਹਨਾਂ ਦੇ ਗੁਣ, ਕਰਮ, ਅੰਤਾਹ ਇਕੋ ਹੀ ਹਨ। "ਏਕ ਜੋਤ ਦੋਏ ਮੂਰਿਤ" ਵਾਲੀ ਮਿਸਾਲ ਇਹਨਾਂ ਤੇ ਢੁਕਦੀ ਸੀ।"

**2. ਅਜੇ ਕੁਮਾਰ ਘੋਸ਼**

**(ਭਗਤ ਸਿੰਘ ਦੇ ਸਾਥੀ ਤੇ ਕਮਿਊਨਿਸਟ ਪਾਰਟੀ ਦੇ ਪਿਛਲੇ ਜਨਰਲ ਸਕੱਤਰ)—ਭਗਤ ਸਿੰਘ ਤੇ ਉਸਦੇ ਸਾਥੀ।**

ਪੜ੍ਹਾਈ ਦਾ ਸ਼ੌਕੀਨ ਭਗਤ ਸਿੰਘ ਪੜ੍ਹਨ ਲਈ ਹਮੇਸ਼ਾ ਉਤਾਬਲਾ ਰਹਿੰਦਾ ਸੀ। ਉਸਨੇ ਜੇਲ੍ਹ ਵਿਚ ਆਪਣਾ ਵਧੇਰੇ ਸਮਾਂ ਸਮਾਜਵਾਦੀ ਸਾਹਿਤ ਪੜ੍ਹਨ ਵਿਚ ਹੀ ਗੁਜ਼ਾਰਿਆ। ਸਾਡੇ ਸਾਰਿਆਂ ਵਿਚੋਂ ਸ਼ਾਇਦ ਸਭ ਤੋਂ ਪਹਿਲਾਂ ਉਹ ਹੀ ਸਮਾਜਵਾਦੀ ਵਿਚਾਰਾਂ ਵੱਲ ਖਿਚਿਆ ਗਿਆ ਸੀ। ਉਹ ਪੱਕਾ ਨਾਸਤਕ ਸੀ ਅਤੇ ਦਹਿਸ਼ਤ-ਪਸੰਦਾਂ ਵਾਂਗ ਉਸ ਵਿਚ ਧਾਰਮਿਕ ਵਿਸ਼ਵਾਸ ਕੋਈ ਨਹੀਂ ਸੀ। ਇਹ ਕਹਿਣਾ ਤਾਂ ਅਤਿ ਕਥਨੀ ਹੋਵੇਗਾ ਕਿ ਉਹ ਮਾਰਕਸਵਾਦੀ ਬਣੇ। ਪਰ, ਆਪਣ ਅਧਿਐਨ, ਸਾਡੇ ਵੱਲੋਂ ਅਕਸਰ ਕੀਤੇ ਜਾਂਦੇ ਵਿਚਾਰ ਵਟਾਂਦਰਿਆਂ ਅਤੇ ਬਾਹਰ ਦੀਆਂ ਘਟਨਾਵਾਂ ਦੇ ਸਿਟੇ ਵਜੋਂ.........ਭਗਤ ਸਿੰਘ ਨੇ ਇਸ ਗੱਲ ਤੇ ਵੱਧ ਤੋਂ ਵੱਧ ਜ਼ੋਰ ਦੇਣਾ ਸ਼ੁਰੂ ਕਰ ਦਿਤਾ ਕਿ ਹਥਿਆਰਬੰਦ ਕਾਰਵਾਈ ਸਿਰਫ ਜਨਤਾ ਦੀ ਲਹਿਰ ਨਾਲ ਤਾਲਮੇਲ ਕਾਇਮ ਕਰ ਕੇ ਇਸ ਲਹਿਰ ਦੇ ਇਕ ਅਨਿਖੜਵੇਂ ਅੰਗ ਵਜੋਂ ਅਤੇ ਇਸ ਦੀਆਂ ਲੋੜਾਂ ਅਤੇ ਮੰਗਾਂ ਦੇ ਅਧੀਨ ਕਰਕੇ ਹੀ ਕੀਤੀ ਜਾਵੇ।"

**3. ਸ਼ਿਵ ਵਰਮਾ**

**(ਭਗਤ ਸਿੰਘ ਦੇ ਸਾਥੀ)— (ੳ) ਗੋਪਾਲ ਠਾਕਰ ਦੀ ਪੁਸਤਕ, ਭਗਤ ਸਿੰਘ ਦੀ ਭੂਮਿਕਾ।**

"ਇਹ ਠੀਕ ਹੈ ਕਿ ਭਗਤ ਸਿੰਘ ਸ਼ਬਦ ਦੇ ਪੂਰੇ ਅਰਥਾਂ ਵਿਚ ਮਾਰਕਸਵਾਦੀ ਨਹੀਂ ਸੀ। ਪਰ, ਇਹ ਵੀ ਸੱਚ ਹੈ ਕਿ ਉਸਦੀ ਸੋਚ ਆਪਣੀ ਉਮਰ ਦੇ ਅੰਤਲੇ ਦਿਨਾਂ ਵਿਚ ਮਾਰਕਸਵਾਦ ਦੇ ਬਹੁਤ ਨੇੜੇ ਪਹੁੰਚ ਗਈ ਸੀ। ਉਸਨੇ ਸੁਖਦੇਵ ਦੇ ਨਾਂ ਇਕ ਚਿੱਠੀ ਵਿਚ ਲਿਖਿਆ ਸੀ: "ਸ਼ਾਇਦ ਤੂੰ ਅਤੇ ਮੈਂ ਜੀਊਂਦੇ ਨਾ ਰਹੀਏ ਪਰ ਆਪਣੇ ਲੋਕ ਜੀਊਂਦੇ ਰਹਿਣਗੇ। ਮਾਕਸਵਾਦ ਅਤੇ ਕਮਿਊਨਿਜ਼ਮ ਦਾ ਉਦੇਸ਼ ਹਰ ਹਾਲਤ ਵਿਚ ਜਿਤੇਗਾ।"

"ਭਗਤ ਸਿੰਘ ਭੂਤ ਦੇ ਇਨਕਲਾਬੀਆਂ ਅਤੇ ਵਰਤਮਾਨ ਕਮਿਊਨਿਸਟ ਲਹਿਰ ਦੇ ਦਰਮਿਆਨ ਇਕ ਕੜੀ ਸੀ।"

**(ਅ) ਭਗਤ ਸਿੰਘ ਨਾਲ ਆਖਰੀ ਮੁਲਾਕਾਤ**—"ਅੱਜ ਜਦ ਲੋਕਾਂ ਨੂੰ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਲਾਉਂਦਿਆਂ ਸੁਣਦਾ ਹਾਂ ਤਾਂ ਐਸਾ ਲਗਦਾ ਹੈ ਕਿ ਸਾਡਾ ਸਰਦਾਰ ਮਰਿਆ ਨਹੀਂ, ਜ਼ਿੰਦਾ ਹੈ ਅਤੇ ਕੌਮ ਦੇ ਬੱਚੇ ਬੱਚੇ ਦੀ ਆਵਾਜ਼ ਵਿਚ ਬੋਲ ਰਿਹਾ ਹੈ। ਉਸਦਾ ਜਿਸਮ ਮਿਟ ਚੁੱਕਾ ਹੈ ਪਰ ਉਸਦੀ ਅਵਾਜ਼ ਅਜ ਵੀ ਇਨਕਲਾਬੀਆਂ ਨੂੰ ਜੋਸ਼ ਬਖਸ਼ਦੀ ਹੈ।"

**4. ਪੰਡਤ ਕਿਸ਼ੋਰੀ ਲਾਲ**

**(ਭਗਤ ਸਿੰਘ ਦੇ ਸਾਥੀ)—ਸ਼ਹੀਦ ਭਗਤ ਦੇ ਰਾਹ।**

"ਇਕੱਠੇ ਰਹਿੰਦਿਆਂ ਅਸੀਂ ਕਈ ਵਾਰ ਇਸ ਮਸਲੇ ਤੇ ਬਹਿਸ ਕੀਤੀ ਕਿ ਜ਼ਿੰਦਗੀ ਦੀ ਕੀਮਤ ਕੀ ਹੈ।...

ਇਸ ਸਵਾਲ ਦਾ ਜਵਾਬ ਜਿਹੜਾ ਭਗਤ ਸਿੰਘ ਨੇ ਦਿਤਾ, ਉਹ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਿਹਾ ਹੈ:—

"ਆਪਣੀ ਜ਼ਿੰਦਗੀ ਦੇ ਕੇ ਜੇ ਮੈਂ ਦੇਸ਼ ਦੇ ਹਰ ਇਕ ਕੋਨੇ ਵਿਚ ਇਨਕਲਾਬ ਦੀ ਆਵਾਜ਼ ਬਲੰਦ ਰਖਾਂ ਤਾਂ ਮੈਂ ਇਹ ਖਿਆਲ ਕਰਾਂਗਾ ਕਿ ਮੇਰੀ ਜ਼ਿੰਦਗੀ ਕਾਮਯਾਬ ਹੋ ਰਹੀ ਹੈ।" ਉਸਨੇ ਜ਼ਿੰਦਗੀ ਦੀ ਕੀਮਤ ਇਕ ਲਫਜ਼ ਮੁਕੱਰਰ ਕੀਤੀ ਸੀ ਅਤੇ ਲਫਜ਼ ਸੀ ਇਨਕਲਾਬ। ਉਹ ਪਹਿਲਾ ਨੌਜਵਾਨ ਸੀ ਜਿਸਨੇ ਭਾਰਤ ਵਿਚ ਇਨਕਲਾਬ ਦਾ ਨਾਅਰਾ ਲਾਇਆ।

**5. ਅਰਜਨ ਸਿੰਘ ਗੜਗੱਜ**

(ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਪਿਛਲੇ ਐਡੀਟਰ ਇੰਚਾਰਜ)—ਸ਼ਹੀਦ ਭਗਤ ਸਿੰਘ ਦਾ ਸੁਫਨਾ ਸੋਸ਼ਲਿਸਟ ਭਾਰਤ ਸੀ "ਭਗਤ ਸਿੰਘ ਜੋਸ਼ੀਲਾ ਇਨਕਲਾਬੀ ਹੀ ਨਹੀਂ ਸੀ, ਸਾਹਿਤਕ ਪਾਰਖੂ ਵੀ ਸੀ।

ਉਹਨਾਂ ਦਾ ਨਿਸ਼ਾਨਾ ਉਹ ਸੋਸ਼ਲਿਸਟ ਹਿੰਦੁਸਤਾਨ ਸੀ ਜਿਸ ਵਿਚ ਮਜ਼ਦੂਰ ਕਿਸਾਨ ਤੇ ਹੋਰ ਆਮ ਲੋਕਾਂ ਨੂੰ ਕੁੱਲੀ, ਗੁੱਲੀ, ਜੁੱਲੀ ਲਈ ਕਿਸੇ ਕਿਸਮ ਦਾ ਫਿਕਰ ਨਾ ਰਹਿ ਜਾਵੇ। ਕਾਂਗਰਸੀ ਸੋਸ਼ਲਿਜ਼ਮ ਦਾ ਹਿੰਦੁਸਤਾਨ ਨਹੀਂ ਜਿਸ ਵਿਚ ਅਮੀਰ ਹੋਰ ਅਮੀਰ ਹੁੰਦੇ ਜਾਣ ਤੇ ਗਰੀਬ ਹੋਰ ਗਰੀਬ।"

**6. ਜਵਾਹਰ ਲਾਲ ਨਹਿਰੂ**

**(ਆਤਮ ਕਥਾ ਵਿਚੋਂ)**

"ਭਗਤ ਸਿੰਘ ਦਿਲ ਖਿਚਵੇਂ ਤੇ ਵਿਦਵਤਾ ਭਰੇ ਚਿਹਰੇ ਦਾ ਮਾਲਕ ਸੀ ਜਿਸ ਉਤੋਂ ਡੂੰਘੀ ਤਸੱਲੀ ਤੇ ਸ਼ਾਂਤੀ ਦਾ ਪਰਭਾਵ ਪੈਂਦਾ ਸੀ। ਉਸ ਦੇ ਚਿਹਰੇ ਉਤੇ ਗੁੱਸੇ ਦੀ ਕੋਈ ਝਲਕ ਨਹੀਂ ਸੀ। ਉਸ ਦੀ ਤੱਕਣੀ ਅਤੇ ਬੋਲਣੀ ਵਿਚ ਅਤਿ ਦਾ ਠਰੰਮਾ ਸੀ।

ਕੁਝ ਮਹੀਨਿਆਂ ਵਿਚ ਪੰਜਾਬ ਦਾ ਸਗੋਂ ਸਾਰੇ ਉਤਰੀ ਹਿੰਦੁਸਤਾਨ ਦਾ ਹਰ ਸ਼ਹਿਰ ਤੇ ਪਿੰਡ ਉਹਦੇ ਨਾਂ ਨਾਲ ਗੂੰਜ ਉਠਿਆ। ਉਹਦੇ ਸਬੰਧੀ ਅਣਗਿਣਤ ਗੀਤ ਤੁਰ ਪਏ ਅਤੇ ਉਸ ਮਨੁੱਖ ਨੇ ਜਿਹੜੀ ਲੋਕ ਪ੍ਰਿਯਤਾ ਪ੍ਰਾਪਤ ਕੀਤੀ "ਉਹ ਹੈਰਾਨ ਕਰਨ ਵਾਲੀ ਸੀ।"

## 7. ਸੁਭਾਸ਼ ਚੰਦਰ ਬੋਸ

(ਇੰਡੀਅਨ ਨੈਸ਼ਨਲ ਆਰਮੀ ਦੇ ਬਾਨੀ)—ਦਿੱਲੀ ਵਿਖੇ ਮਾਰਚ 1931 ਦੇ ਚੋਥੇ ਹਫਤੇ ਵਿਚ ਦਿਤੇ ਭਾਸ਼ਨ ਸਮੇਂ ਭਗਤ ਸਿੰਘ ਨੂੰ ਸ਼ਰਧਾਂਜਲੀ।

"ਭਗਤ ਸਿੰਘ ਅੱਜ ਇਕ ਵਿਅਕਤੀ ਨਹੀਂ ਸਗੋਂ ਇਕ ਚਿੰਨ੍ਹ ਬਣ ਗਿਆ ਹੈ। ਉਹ ਇਨਕਲਾਬੀ ਭਾਵਨਾ ਦਾ ਚਿੰਨ੍ਹ ਹੈ ਜਿਹੜੀ ਸਾਰੇ ਦੇਸ਼ ਵਿਚ ਛਾ ਗਈ ਹੈ।

## 8. ਖਵਾਜਾ ਅਹਿਮਦ ਅਬਾਸ

### (ਪ੍ਰਸਿੱਧ ਲੇਖਕ ਅਤੇ ਫਿਲਮ ਨਿਰਮਾਤਾ) ਇਨਕਲਾਬ ਜ਼ਿੰਦਾਬਾਦ

......ਭਗਤ ਸਿੰਘ ਭਾਰਤੀ ਨੌਜਵਾਨਾਂ ਦੇ ਦਲੇਰਾਨਾ ਸੁਪਨਿਆਂ ਅਤੇ ਸਭ ਤੋਂ ਉਚੀਆਂ ਉਮੰਗਾਂ ਦਾ ਪ੍ਰਤੀਕ ਸੀ।

ਉਸ ਦੀ ਜੁਆਨੀ, ਉਸ ਦੇ ਸੁੰਦਰ ਨਕਸ਼, ਉਸ ਦੇ ਦਲੇਰਾਨਾ ਕਾਰਨਾਮੇ ਉਸ ਦਾ ਰੋਮਾਂਚਕ ਆਦਰਸ਼ਵਾਦ ਅਤੇ ਉਸ ਦਾ ਕਵਿਤਾ ਲਈ ਪਿਆਰ—ਸਭੇ ਗੱਲਾਂ ਭਗਤ ਸਿੰਘ ਦੀ ਬੀਰ ਗਾਥਾ ਦੇ ਅੰਗ ਸਨ। ਪਰ ਇਸ ਤੋਂ ਵੀ ਵੱਧ ਉਸ ਵਿਚਾਰਧਾਰਾ ਦੀ ਅਪੀਲ ਸੀ ਜਿਸ ਲਈ ਉਸ ਨੇ ਆਪਣੀ ਜਾਨ ਵਾਰ ਦਿਤੀ— ਇਹ ਇਕ ਅਜਿਹੀ ਵਿਚਾਰਧਾਰਾ ਸੀ ਜਿਸ ਨੂੰ ਭਾਰਤ ਮਾਤਾ ਅਤੇ ਰਾਮ ਰਾਜ ਦੇ ਮਿਥਿਹਾਸਕ ਸੰਕਲਪਾਂ ਨੇ ਨਹੀਂ ਸੀ ਟੁੰਬਿਆ ਸਗੋਂ ਇਹ ਸਮਾਜਵਾਦ ਦੇ ਨਵੇਂ ਇਨਕਲਾਬੀ ਆਦਰਸ਼ ਦੁਆਰਾ ਟੁੰਬੀ ਗਈ ਸੀ।"

## 9. ਜਸਟਿਸ ਫੋਰਡ

### ਅਸੈਂਬਲੀ ਬੰਬ ਕੇਸ ਬਾਰੇ ਟਿੱਪਣੀ

"ਭਗਤ ਸਿੰਘ ਸੱਚਾ ਇਨਕਲਾਬੀ ਹੈ ਅਤੇ ਵਿਸ਼ਵਾਸ ਰਖਦਾ ਹੈ ਕਿ ਮੌਜੂਦਾ ਸਮਾਜਕ ਢਾਂਚੇ ਨੂੰ ਖਤਮ ਕਰ ਕੇ ਹੀ ਸੰਸਾਰ ਨੂੰ ਸੁਧਾਰਿਆ ਜਾ ਸਕਦਾ ਹੈ।" ●

# ਖੂਨ ਦੇ ਦਸਤਖਤ

ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਦੀ ਪੁਸਤਕ
'ਕਿੱਸਾ ਸ਼ਹੀਦ ਭਗਤ ਸਿੰਘ' ਵਿੱਚੋਂ ਇੱਕ ਰਚਨਾ

●

... ਆਖਰ ਚਾਕੂ ਦੀ ਚੁੰਭ ਨਾਲ ਸਾਰਿਆਂ ਵਿਚੋਂ ਟੇਪਾ ਟੇਪਾ ਖੂਨ ਦਾ ਕੱਢ ਕੇ ਭਗਤ ਸਿੰਘ ਦੀ ਖੱਬੀ ਹਥੇਲੀ ਉਤੇ ਪਾਇਆ ਗਿਆ। ਉਸ ਸਾਂਝੇ ਲਹੂ ਨਾਲ ਦਸਤਖ਼ਤ ਕਰਕੇ ਸਾਰੇ ਜਣੇ ਭਾਰਤ ਮਾਂ ਦੀ ਵਫਾਦਾਰੀ ਦਾ ਹਲਫ ਨਾਮਾ ਰਾਵੀ ਦੀਆਂ ਪਵਿਤਰ ਨਿਰਮਲ ਲਹਿਰਾਂ ਸਾਹਮਣੇ ਖੂਨ ਨਾਲ ਪ੍ਰਣ ਪੱਤ੍ਰ ਇਸ ਤਰ੍ਹਾਂ ਲਿਖਦੇ ਹਨ :

ਨਾਲ ਲਹੂ ਦੇ ਕਲਮ ਭਗੋ ਕੇ, ਸੀ ਸਿਰ ਲੱਥ ਵੀਰੇ ਨੇ।
ਹਲਫ ਵਫਾਦਾਰੀ ਦਾ ਲਿਖਿਆ, ਦੁਆਬੇ ਦੇ ਹੀਰੇ ਨੇ।
ਕਰ ਪ੍ਰਤਿਗਿਆ ਰਿਹਾ ਖੜੋਤਾ, ਭਗਤ ਸਿੰਘ ਪ੍ਰਵਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਸੁਖਦੇਵ ਨੇ ਆਖਿਆ ਮਿੱਤਰੋ, ਲਾਕੇ ਦੇਹੀ ਸਰਬੀ।
ਆਜ਼ਾਦੀ ਦੀ ਜੋਤ ਜਗਾਉਣੀ, ਪਾ ਕੇ ਬਿੰਦੀ ਚਰਬੀ।
ਜੰਝ ਚੜ੍ਹਨ ਲਗਾ ਹੁਣ ਲਾੜਾ, ਬੰਨ੍ਹ ਸ਼ਹੀਦੀ ਗਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਭਗਵਤੀ ਚਰਨ ਫਰਾਇਜ਼ ਵਾਲਾ, ਜੂਆ ਧਰਿਆ ਕੰਨੇ।
ਨਾਲ ਖੂਨ ਦੇ ਲਿਖਣੇ ਕਹਿੰਦਾ, ਤਵਾਰੀਖ ਦੇ ਪੰਨੇ।
ਸਿਰ ਦੇ ਕਫਨ ਵਲੇਟਿਆ ਰਖੇ, ਕਦਮ ਵਿਚ ਸ਼ਮਸਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਗਭਰੂ ਕਈ ਅੱਖਾਂ ਰੋਹ ਭਰੀਆਂ, ਅੱਗੇ ਹੋਏ ਵਧ ਕੇ।
ਭਗਤ ਸਿੰਘ ਨੂੰ ਕਹਿੰਦੇ, ਅਜ ਤੋਂ ਸਾਡੇ ਭੀ ਸਿਰ ਸਦਕੇ।
ਤੁਰ ਪਏ ਸਿਰ ਤਲੀਆਂ ਤੇ ਧਰਕੇ ਲੜਨ ਵਾਰ ਮਰਦਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਚੁਣ ਲਿਆ ਭਗਤਾਂ ਦੇਸ਼ ਦਿਆਂ ਨੇ ਕੰਡਿਆਂ ਵਾਲਾ ਰਸਤਾ
ਸਾਮਰਾਜ ਦਾ ਗੜ੍ਹ ਤੋੜਨ ਨੂੰ, ਚਲਿਆ ਪਹਿਲਾ ਦਸਤਾ।
ਅਸਲੀ ਮੰਜ਼ਲ ਵਲ ਕਾਫਲਾ, ਲਗਾ ਹੋਣ ਰਵਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਮੋੜ ਬਹਾਰ ਲਿਆਉਣੀ ਕਹਿੰਦੇ, ਵਿਚ ਖਿਜ਼ਾ ਦੀਆਂ ਰੁੱਤਾਂ।
ਸੋਧ ਲਿਆ ਕੌਮੀ ਅਰਦਾਸਾ, ਭਾਰਤ ਮਾਂ ਦਿਆਂ ਪੁੱਤਾਂ।
ਛਡ ਕੇ ਰਥ ਪੁਰਾਣੇ ਉਨ੍ਹਾਂ, ਛੇੜਿਆ ਨਵਾਂ ਤਰਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਲਗੇ ਹਿੰਦ ਚੋਂ ਇੰਗਲੈਂਡ ਦਾ, ਪੜ੍ਹਨ ਕੀਰਤਨ ਸੋਹਿਲਾ।
ਅੰਗਰੇਜ਼ਾਂ ਦੇ ਖੂਨ 'ਚ ਖੇਲਣ, ਹੋਲੀ ਦੀ ਥਾਂ ਹੱਲਾ।
ਲੁਟ ਰਹੇ ਸਨ ਚੋਰ ਵਲਾਇਤੀ, ਸਾਡਾ ਦੌਲਤ ਖਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

ਰਹਿਣ ਪ੍ਰਾਣ ਵਜੂਦ ਵਿਚ ਨਾ, ਪੱਲੇ ਰਹਿ ਨਾ ਦਮੜੀ।
ਸੁਖ ਨਾਲ ਨਾ ਬੈਠਣ ਦੇਣੀ, ਕਹਿੰਦੇ ਚਿੱਟੀ ਚਮੜੀ।
ਘਰ ਸਾਡੇ ਤੇ ਕਬਜ਼ਾ ਕੀਤਾ, ਬਿਨ ਸਦਿਆਂ ਮਹਿਮਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾਂ।

ਆਪੋ ਵਿਚੀਂ ਬਾਂਸਾਂ ਵਾਂਗੂੰ, ਖਹਿੰਦੇ ਫਿਰਕੂ ਟੋਲੇ।
ਭਾਰਤ ਮਾਂ ਦੀਆਂ ਮੁਸ਼ਕਾਂ ਕੱਸੀਆਂ; ਕੋਈ ਨਾ ਗੰਢਾ ਖੋਲੇ।
ਦੇਸ਼ ਧਰੋਹੀਆਂ ਰੋਲ ਦਿਤੀਆਂ, ਮਿੱਟੀ ਦੇ ਵਿਚ ਸ਼ਾਨਾਂ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾਂ।

ਕਹੇ ਕਰਨੈਲ ਸਿੰਘ ਰਣਜੀਤਾ, ਕਰੋਧ ਭਰੇ ਦਿਲ ਫਿਸੇ।
ਸਨ ਡਰਪੋਕ ਦੜੇ ਵਿਚ ਬੈਠੇ,, ਮੁੜ ਨਾ ਉਥੇ ਦਿਸੇ।
ਖਿਸਕ ਗਏ ਕਮਜ਼ੋਰੇ ਦਿਲ ਦੇ; ਕਰਕੇ ਕੋਈ ਬਹਾਨਾ।
ਦਸਤਖਤ ਕਰ ਨਾਲ ਖੂਨ ਦੇ, ਕੀਤੇ ਪ੍ਰਣ ਜਵਾਨਾ।

● (TORONTO, ONTARIO)

# ਸ਼ਹੀਦ ਭਗਤ ਸਿੰਘ ਦੀ ਤਸਵੀਰ

ਗੁਰਬਚਨ ਸਿੰਘ ਭੁੱਲਰ

ਸ਼ਹੀਦ ਭਗਤ ਸਿੰਘ ਦੇ ਆਖ਼ਰੀ ਸਮੇਂ ਦੇ ਵਿਚਾਰਾਂ ਬਾਰੇ ਭੁਲੇਖੇ ਖੜ੍ਹੇ ਕਰਨ ਲਈ, ਉਹਨਾਂ ਦੀ ਸਾਹਮਣੇ ਦਿੱਤੀ ਜਾ ਰਹੀ ਇੱਕ ਤਸਵੀਰ ਨੂੰ ਗ਼ਲਤ ਤੱਥ ਘੜਕੇ ਵਰਤਣ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਹਾਣੀਕਾਰ ਭੁੱਲਰ ਦੀ ਇਹ ਰਚਨਾ ਸਪੱਸ਼ਟ ਕਰਦੀ ਹੈ ਕਿ ਇਸ ਤਸਵੀਰ ਵਿੱਚ ਭਗਤ ਸਿੰਘ ਦੇ ਨਾਲ ਕੌਣ ਹੈ; ਇਹ ਤਸਵੀਰ ਕਦੋਂ ਦੀ ਹੈ; ਇਹ ਤਸਵੀਰ ਕਦੋਂ, ਕਿਵੇਂ ਅਤੇ ਕਿਸਨੇ ਭਗਤ ਸਿੰਘ ਦੇ ਪਰਵਾਰ ਦੇ ਕਿਹੜੇ ਮੈਂਬਰ ਤੱਕ ਪੁਚਾਈ!

ਭਗਤ ਸਿੰਘ ਦੀ ਬੜੀ ਪ੍ਰਚੱਲਤ ਤਸਵੀਰ ਹੈ ਜੋ ਅਨੇਕ ਥਾਈਂ, ਰਸਾਲਿਆਂ, ਅਖ਼ਬਾਰਾਂ ਅਤੇ ਪੁਸਤਕਾਂ ਵਿਚ ਛਪ ਚੁੱਕੀ ਹੈ ਅਤੇ ਲੱਗਪਗ ਹਰ ਕਿਸੇ ਨੇ ਦੇਖੀ ਹੋਈ ਹੈ, ਢਿਲੇ ਜਿਹੇ ਵਾਣ ਦੀ, ਬਾਂਸ ਦੀਆਂ ਲਿਫੀਆਂ ਹੋਈਆਂ ਬਾਹੀਆਂ ਵਾਲੀ ਮੰਜੀ ਉਤੇ ਭਗਤ ਸਿੰਘ ਬੈਠਾ ਹੈ। ਖੱਬੇ ਹੱਥ ਵਿਚ ਹੱਥਕੜੀ ਹੈ, ਨੰਗੇ ਸਿਰ ਦੇ ਵਿਚਕਾਰ ਢਿੱਲਾ ਜਿਹਾ ਜੂੜਾ ਹੈ, ਤੇ ਗਿੱਚੀ ਉਤੇ ਵਾਲ ਖਿੰਡੇ ਹੋਏ ਹਨ। ਲੂਈਂ ਦਾਹੜੀ ਅਤੇ ਫੁਟਦੀ ਮੁੱਛ ਹੈ, ਜਿੰਨੀ 19-20 ਸਾਲ ਦੇ ਗਭਰੂ ਦੀ ਹੁੰਦੀ ਹੀ ਹੈ। ਲੱਤਾਂ ਅਤੇ ਪੈਰ ਨੰਗੇ ਹਨ, ਜੁੱਤੀ ਤਸਵੀਰ ਵਿਚ ਪਰ੍ਹੇ ਪਈ ਹੋਈ ਵੀ ਕਿਤੇ ਦਿਖਾਈ ਨਹੀਂ ਦਿੰਦੀ। ਗਲ ਵਿਚ ਵਟੋ ਵਟ ਹੋਇਆ ਮੈਲਾ, ਖੁਲ੍ਹੇ ਲਮਕਦੇ ਕਫਾਂ ਤੇ ਲੰਮੇ ਕਾਲਰਾਂ ਵਾਲਾ ਕਮੀਜ਼ ਹੈ, ਜੋ ਸੱਜੀ ਵੱਖੀ ਕੋਲੋਂ ਪਾਟਿਆ ਹੋਇਆ ਵੀ ਹੈ। ਪਿਛੇ ਪੱਕੀਆਂ ਇੱਟਾਂ ਦੀ ਕੰਧ ਹੈ। ਭਗਤ ਸਿੰਘ ਖੱਬੇ ਵਲ ਧਿਆਨ ਕਰਕੇ ਬੈਠਾ ਹੋਇਆ ਹੈ। ਚਿਹਰੇ ਦਾ ਪ੍ਰਭਾਵ ਇਉਂ ਹੈ ਜਿਵੇਂ ਕਿਸੇ ਗੱਲ੍ਹਾਂ ਨਾਲ ਗੱਲ੍ਹਾਂ ਕਰ ਰਿਹਾ ਹੋਵੇ।

ਇਕ ਦਿਨ ਮੈਂ ਆਪਣੇ ਮਿੱਤਰ-ਪਰਵਾਰ ਨੂੰ ਮਿਲਣ ਗਿਆ ਤਾਂ ਪਰਵਾਰ ਦੇ ਪਿਤਾ, ਭਾਈਆ ਜੀ ਮਿਲਖਾ ਸਿੰਘ ਨਿੱਝਰ ਦੇ ਹੱਥ ਵਿਚ ਪੰਜਾਬੀ ਦਾ ਰਸਾਲਾ ਸੀ। ਉਸ ਵਿਚ ਭਗਤ ਸਿੰਘ ਦੀ ਇਸੇ ਤਸਵੀਰ ਨਾਲ ਲੇਖ ਛਪਿਆ ਹੋਇਆ ਸੀ, ਜਿਹਦੇ ਵਿਚ ਇਹ ਸ਼ਬਦ ਲਿਖੇ ਹੋਏ ਸਨ, "ਇਸ ਤਸਵੀਰ ਬਾਅਦ ਵਿਚ ਕਿਸੇ ਸੀ. ਆਈ. ਡੀ. ਦੇ ਬੰਦੇ ਨੇ ਭਗਤ ਸਿੰਘ ਦੇ ਪਰਵਾਰ ਨੂੰ ਲਿਆ ਦਿਤੀ।"

ਭਾਈਆ ਜੀ ਮਿਲਖਾ ਸਿੰਘ ਨੇ ਮੈਨੂੰ ਮੇਰੇ ਲੇਖਕ ਹੋਣ ਦੇ ਨਾਤੇ, ਬਾਰ ਵੜਦੇ ਨੂੰ ਹੀ ਬੜੇ ਗੁੱਸੇ ਨਾਲ ਕਿਹਾ, "ਆਹ ਦੇਖ, ਤੇਰੇ ਰਸਾਲਿਆਂ ਵਾਲੇ ਕੀ ਲਿਖੀ ਜਾਂਦੇ ਐ।"

ਭਾਈਆ ਜੀ ਆਪ ਸੁਤੰਤਰਤਾ-ਸੰਗਰਾਮੀਏ ਅਤੇ "ਤਾਮਰ-ਪੱਤਰ" ਵਿਜੇਤਾ ਹਨ। ਮੈਂ ਉਨ੍ਹਾਂ ਦੇ ਦੱਸੇ ਵਾਕ ਨੂੰ ਰਸਾਲੇ ਵਿਚੋਂ ਪੜ੍ਹ ਕੇ ਸਵਾਲੀਆ ਨਜ਼ਰਾਂ ਉਨ੍ਹਾਂ ਦੇ ਚਿਹਰੇ ਉਤੇ ਗੱਡ ਦਿਤੀਆਂ। ਉਹ ਆਪਣੇ ਬੋਲਾਂ 'ਚ ਗੁਸੇ ਦੀ ਥਾਂ ਮਾਣ ਭਰ ਕੇ ਕਹਿਣ ਲੱਗੇ, "ਪਤਾ ਇਸ ਤਸਵੀਰ ਦੀ ਇਕੋ ਇਕ ਕਾਪੀ ਭਗਤ ਸਿੰਘ ਦੇ ਪਰਿਵਾਰ ਨੂੰ ਕੀਹਨੇ ਦਿਤੀ ਜਿਥੋਂ ਇਹ ਅੱਗੇ ਪ੍ਰਚੱਲਤ ਹੋਈ? .....ਮੈਂ! .....ਤੇ ਤੇਰੇ ਰਸਾਲਿਆਂ ਵਾਲੇ ਸੀ. ਆਈ. ਡੀ. ਨੇ ਦਿਤੀ ਲਿਖੀ ਜਾਂਦੇ ਐ...."

ਮੇਰੀ ਉਤਸੁਕਤਾ ਵਧਣੀ ਸੁਭਾਵਕ ਸੀ। ਮੈਂ ਪਰ੍ਹੇ ਪਈ ਕੁਰਸੀ ਖਿਚ ਕੇ ਭਾਈਆ ਜੀ ਦੀ ਕੁਰਸੀ ਦੇ ਨੇੜੇ ਕਰਦਿਆਂ ਕਿਹਾ, "ਪੰਜਾਬੀ ਦੇ ਅਖ਼ਬਾਰਾਂ ਰਸਾਲਿਆਂ ਦਾ ਕੀ ਐ, ਭਾਈਆ ਜੀ, ਜੋ ਕੁਝ ਕੋਈ ਲਿਖ ਭੇਜਦਾ, ਛਾਪ ਦਿੰਦੇ ਨੇ! ਪਰ ਤੁਸੀਂ ਇਸ ਤਸਵੀਰ ਦੀ ਕਹਾਣੀ ਸੁਣਾਉ, ਤੁਹਾਨੂੰ ਇਹ ਕਿਥੋਂ ਮਿਲੀ?"

ਭਾਈਆ ਜੀ ਇਹ ਕਹਿੰਦੇ ਹੋਏ ਕੁਰਸੀ ਤੋਂ ਉਠੇ, "ਇਹ ਤਸਵੀਰ ਤਾਂ ਅੱਧੀ ਹੈ, ਪਹਿਲਾਂ ਮੈਂ ਤੈਨੂੰ ਪੂਰੀ ਤਸਵੀਰ ਦਿਖਾ ਦਿਆਂ।" ਤੇ ਉਹ ਅੰਦਰੋਂ ਰੁਮਾਲ ਵਿਚ ਬੱਝੀ ਕਾਪੀਆਂ ਦੀ ਪੋਟਲੀ ਲਿਆਏ, ਜੀਹਦੇ ਵਿਚ ਕਮਰੇ ਦੀ ਲਾਹੀ ਹੋਈ ਅਸਲ ਤਸਵੀਰ ਸੀ। ਪੂਰੀ ਤਸਵੀਰ ਵਿਚ ਭਗਤ ਸਿੰਘ ਦੀ ਮੰਜੀ ਦੇ ਸਰਹਾਣੇ ਹਵਾਤਾਲੀ ਦਰੀ ਵਿਚ ਸੁਚੱਜਤਾ ਨਾਲ ਤਹਿ ਕਰਕੇ ਰੱਖਿਆ ਹੋਇਆ ਨਿੱਕਾ ਜਿਹਾ ਬਿਸਤਰਾ ਹੈ। ਭਗਤ ਸਿੰਘ ਦੇ ਸਾਹਮਣੇ ਪੈਂਦ ਵਲ, ਬੈਂਤ ਦੀ ਬੁਣੀ ਹੋਈ ਲਕੜ ਦੀ, ਬਾਹਾਂ ਵਾਲੀ, ਭਾਰੀ ਕੁਰਸੀ ਉਤੇ ਖੁਲੀ ਚਿਟੀ ਦਾਹੜੀ, ਫੀਤਿਆਂ ਵਾਲੇ ਬੂਟ ਅਤੇ ਚਿੱਟੀ ਗੁਰਮੁਖ ਪਗੜੀ, ਚਿੱਟੇ ਕਮੀਜ਼ ਤੇ ਚਿੱਟੀ ਪੋਠੋਹਾਰੀ ਸਲਵਾਰ ਵਿਚ ਸੀ ਆਈ ਡੀ ਦਾ ਅਧਿਕਾਰੀ ਹੱਥਾਂ ਦੀ ਕੰਘੀ ਬਣਾਕੇ ਬੈਠਾ ਹੋਇਆ ਹੈ (ਤਸਵੀਰ ਵਿਚ ਚਿੱਟੇ ਜਾਪਦੇ ਇਹ ਲੀੜੇ ਕਿਸੇ ਹਲਕੇ ਰੰਗ ਦੇ ਹੋ ਸਕਦੇ ਹਨ) ਸਰਾਹਣੇ ਵੱਲ ਉਹੋ ਜਿਹੀ ਹੀ ਕੁਰਸੀ ਖਾਲੀ ਪਈ ਹੈ। ਸ਼ਾਇਦ ਕੋਈ ਅਧਿਕਾਰੀ ਪੁਛਗਿੱਛ ਕਰਦਾ ਉਠ ਕੇ ਕਿਧਰੇ ਚਲਿਆ ਗਿਆ ਹੈ ਜਾਂ ਪੁਛ ਗਿਛ ਵਿਚ ਸ਼ਾਮਲ ਹੋਣ ਲਈ ਆਉਣ ਵਾਲਾ ਹੈ। ਅਧਿਕਾਰੀ ਦੀ ਕੁਰਸੀ ਕੋਲ ਵੱਡੇ ਦਰੱਖਤ ਦਾ ਪੋਰਾ ਹੈ। ਅਤੇ ਦਰੱਖਤ ਕੋਲ ਵੇਲ ਹੈ, ਜੋ ਅੰਗੂਰਾਂ ਦੀ ਵੇਲ ਵਰਗੀ ਲੱਗਦੀ ਹੈ। ਪਰ ਇਹ ਸ਼ਾਇਦ ਹਵਾਲਾਤ ਦੇ ਕਠੋਰ ਮਾਹੌਲ ਕਾਰਨ, ਨਿਪੱਤਰੀ ਹੀ ਹੈ, ਸੱਖਣੀ ਸੱਖਣੀ। ਪਿਛੇ ਵੱਡੀਆਂ ਪੱਕੀਆਂ ਇੱਟਾਂ ਦੀ ਕੰਧ ਹੈ, ਜਿਹਦੇ ਹੇਠਲੇ ਕੁਝ ਰਦੇ ਭਗਤ ਸਿੰਘ ਦੇ ਜੂੜੇ ਦੀ ਸੇਧ ਤਕ, ਟੀਪ ਕੀਤੇ ਹੋਏ ਹਨ ਅਤੇ ਉਸਤੋਂ ਉਪਰ ਇਹ ਕੰਧ ਵੀ ਸੱਖਣੀਆਂ ਸੱਖਣੀਆਂ ਝਾਕਦੀਆਂ ਇੱਟਾਂ ਨਾਲ ਔਂਤਰੀ ਜਿਹੀ ਹੀ ਹੈ। ਚੌਂਕੜੇ ਦੀ ਬੁਣੀ ਹੋਈ ਬੁਣਤੀ ਵਿਚ ਬੁਣੀ ਹੋਈ ਮੁਜ ਦੀ ਮੰਜੀ ਦੀਆਂ ਕਈ ਥਾਈਂ ਟੁੱਟ ਕੇ ਲਮਕਦੀਆਂ ਰੱਸੀਆਂ ਇਸ ਹਵਾਲਾਤੀ ਮਾਹੌਲ ਦੀ ਨੀਰਸਤਾ ਨੂੰ ਪੂਰਾ ਕਰ ਰਹੀਆਂ ਹਨ। ਥੋਥਾ ਬਾਂਸ ਵੱਢ ਕੇ ਪਾਇਆ ਹੋਇਆ ਸਰ੍ਹਾਣੇ ਵੱਲ ਦਾ ਸੇਰਵਾ ਆਪਣੀ ਇਕੋ ਅੱਖ ਨਾਲ ਚੰਦਰੀ ਝਾਕਣੀ ਝਾਕ ਰਿਹਾ ਹੈ। ਢਿਲਕੀਆਂ ਹੋਈਆਂ ਚੂਲਾਂ ਅਤੇ ਟੇਢੇ ਹੋਏ ਪਾਵੇ, ਸ਼ਾਇਦ, ਉਸ ਸਮੇਂ ਦੇ ਅੰਗਰੇਜ਼ ਸਾਮਰਾਜ ਦੀ ਹਾਲਤ ਦੇ ਪਰਤੀਕ ਹਨ।

ਭਾਈਆ ਜੀ ਮਿਲਖਾ ਸਿੰਘ ਨੇ ਦਸਿਆ ਕਿ ਇਹ ਤਸਵੀਰ ਉਸ ਸਮੇਂ ਦੀ ਹੈ ਜਦੋਂ 1927 ਵਿਚ ਨੌਜਵਾਨ ਭਾਰਤ ਸਭਾ ਦੀਆ ਲਗਾਤਾਰ ਤੇਜ਼ ਹੋ ਰਹੀਆਂ ਸਰਗਰਮੀਆਂ ਕਾਰਨ ਭਗਤ ਸਿੰਘ ਨੂੰ ਪੁਛਗਿਛ ਲਈ ਫੜਿਆ ਗਿਆ ਸੀ ਅਤੇ ਲਾਹੌਰ ਦੀ ਰੇਲਵੇ ਸਟੇਸ਼ਨ ਨੇੜਲੀ ਹਵਾਲਾਤ ਵਿਚ ਤਿੰਨ ਹਫਤੇ ਦੇ ਕਰੀਬ ਰੱਖਿਆ ਗਿਆ ਸੀ। ਉਹਤੋਂ ਵਾਰ ਵਾਰ ਹਵਾਲਾਤ ਦੇ ਵਿਹੜੇ ਵਿਚ, ਦਰਖਤ ਹੇਠ, ਪੁਛਗਿਛ ਕੀਤੀ ਜਾਂਦੀ ਸੀ। ਇਸ ਤਸਵੀਰ ਵਿਚ ਵੀ ਸੀ. ਆਈ. ਡੀ. ਦਾ ਡੀ. ਐਸ. ਪੀ. ਗੋਪਾਲ ਸਿੰਘ ਨੁਸ਼ਹਿਰਾ ਪੰਨੂਆ ਪੁਛਗਿੱਛ ਕਰ ਰਿਹਾ ਹੈ।

ਜਦੋਂ ਮੈਂ ਭਗਤ ਸਿੰਘ ਦੇ ਢਿਲੇ ਜੂੜੇ, ਨੰਗੇ ਪੈਰਾਂ ਅਤੇ ਖਾਸ ਕਰਕੇ ਕਮੀਜ਼ ਨੂੰ ਲੱਗੀ ਖੁੰਘੀ ਵੱਲ ਇਸ਼ਾਰਾ ਕਰਦਿਆਂ ਕੁੱਟ ਮਾਰ ਬਾਰੇ ਪੁਛਿਆ ਤਾਂ ਭਾਈਆ ਜੀ ਬੋਲੇ, " ਨਹੀਂ, ਉਸ ਸਮੇਂ ਕਿਸੇ ਵਿਸ਼ੇਸ਼ ਦੋਸ਼ ਕਰਕੇ ਨਹੀਂ ਸੀ ਫੜਿਆ ਗਿਆ। ਸਰਕਾਰ ਉਹਦੀਆਂ ਸੰਭਾਵਨਾਵਾਂ ਤੋਂ ਡਰਦੀ ਸੀ ਉਸ ਸਮੇਂ ਉਹਨੂੰ ਕੁਟਿਆ ਮਾਰਿਆ ਨਹੀਂ ਸੀ ਗਿਆ। ਹਾਂ, ਪੁਛਗਿਛ ਵਾਰ ਵਾਰ ਹੋਈ ਸੀ ਅਤੇ ਫਿਰ ਛੱਡ ਦਿਤਾ ਗਿਆ ਸੀ।"

ਭਾਈਆ ਜੀ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਅਗੱਸਤ 1922 ਤੋਂ ਫਰਵਰੀ 1923 ਤੱਕ ਮਿਟਗੁਮਾਰੀ ਕੈਂਪ ਜੇਲ੍ਹ ਵਿਚ ਕੈਦ ਕੱਟ ਚੁਕੇ ਸਨ ਅਤੇ ਦੁਬਾਰਾ



ਬੱਬਰ ਲਹਿਰ ਵਿਚ ਗ੍ਰਿਫਤਾਰ ਹੋਏ ਸਨ। ਹਾਈ ਕੋਰਟ ਨੇ 19 ਜਨਵਰੀ 1926 ਨੂੰ ਉਨ੍ਹਾਂ ਨੂੰ ਬਰੀ ਤਾਂ ਕਰ ਦਿਤਾ, ਪਰ ਪਿੰਡ ਵਿਚ ਨਜ਼ਰਬੰਦੀ ਦਾ ਹੁਕਮ ਸੁਣਾ ਦਿਤਾ। 1927 ਵਿਚ ਜਦੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਰੁਧ, ਬਗਾਵਤੀ ਸਰਗਰਮੀ ਕਾਰਨ ਸਾਜ਼ਿਸ਼ ਕੇਸ ਬਣਿਆ, ਤਾਂ ਭਾਈਆ ਜੀ ਮਿਲਖਾ ਸਿੰਘ ਨੂੰ ਕਮੇਟੀ ਦੇ ਪੱਖ ਵਿਚ ਗਵਾਹੀ ਦੇਣ ਲਈ ਡੀ ਸੀ ਜਲੰਧਰ ਦੀ ਮਾਰਫਤ ਤਲਬ ਕੀਤਾ ਗਿਆ। ਡੀ. ਸੀ. ਚਿੱਠੀ ਤਾਂ ਸੰਮਨ ਦੇ ਨਾਲ ਹੀ ਅਹਿਲਮੱਦ ਨੇ ਲਾਹੌਰ ਸਟੇਸ਼ਨ ਉਤੇ ਟਿਕਟ ਲੈ ਰਹੇ ਭਾਈਆ ਜੀ ਨੂੰ ਸੀ. ਆਈ. ਡੀ. ਦੇ ਹੌਲਦਾਰ ਆਤਮਾ ਸਿੰਘ ਨੇ ਪਹਿਚਾਣ ਲਿਆ, ਜੋ ਜਾਣਦਾ ਸੀ ਕਿ ਇਹ ਪਿੰਡ ਵਿਚ ਨਜ਼ਰਬੰਦ ਹੈ। ਜਬਾਨੀ ਗੱਲ ਦਾ ਇਤਬਾਰ ਨਾ ਕਰਦਿਆਂ ਇਨ੍ਹਾਂ ਨੂੰ ਹਵਾਲਾਤ ਵਿਚ ਭਗਤ ਸਿੰਘ ਦੇ ਨਾਲ ਵਾਲੀ ਕੋਠੜੀ ਵਿਚ ਧੱਕ ਦਿਤਾ ਗਿਆ ਅਤੇ ਪੜਤਾਲ ਪੂਰੀ ਹੋਣ ਤੱਕ ਦੋ ਹਫਤੇ ਉਥੇ ਰੱਖਿਆ ਗਿਆ।

ਭਾਈਆ ਜੀ ਨੇ ਕਿਹਾ, "ਭਗਤ ਸਿੰਘ ਦਾ ਉਸ ਸਮੇਂ ਅਜੇ ਪਰਸਿਧ ਨਹੀਂ ਸੀ ਹੋਇਆ। ਮੈਨੂੰ ਇਹ ਪਤਾ ਵੀ ਨਹੀਂ ਸੀ ਕਿ ਇਹ ਕਿਸ ਦੋਸ਼ ਵਿਚ ਫੜਿਆ ਹੋਇਆ ਹੈ।" ਤੇ ਉਹ ਹੱਸ ਕੇ ਕਹਿਣ ਲੱਗੇ, "ਜਦੋਂ ਹਵਾਲਾਤ ਵਿਚ ਗਲ ਕਰਨ ਦਾ ਮੌਕਾ ਮਿਲਿਆ, ਅਲ੍ਹੂਆਂ ਜਿਹਾ, ਸੋਹਣਾ-ਸੁਖਮ ਜਿਹਾ ਮੁੰਡਾ ਵੇਖ ਕੇ ਮੈਂ ਆਖਿਆ, "ਚੰਮ ਬੜਾ ਲਾਹੁੰਦੇ ਹੁੰਦੇ, ਕੁਟਦੇ-ਮਾਰਦੇ ਬੜਾ ਹੁੰਦੇ ਐ.....ਤੂੰ ਕਾਹਦੇ 'ਚ ਫਸਿਐ ? ਅਗੋਂ ਭਗਤ ਸਿੰਘ ਨੇ ਬਾਂਹ ਮੂਹਰੇ ਕਰਦਿਆਂ ਕਿਹਾ, ਆਹ ਚਮੜੀ ਆਪੇ ਸਾੜ ਕੇ ਵੇਖ ਲਈ ਆਂ, ਇਹਦੇ ਨਾਲੋਂ ਬਹੁਤੀ ਤਕਲੀਫ ਤਾਂ ਨਹੀਂ ਨਾ ਹੋਣ ਲੱਗੀ !" ਤੇ ਉਹਦੇ ਨਾਲ ਮੇਰੀ ਇਹ ਗੱਲਬਾਤ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਹੀ ਹੈ।"

ਭਗਤ ਸਿੰਘ ਭਾਈਆ ਜੀ ਮਿਲਖਾ ਸਿੰਘ ਨਾਲੋਂ ਪਹਿਲਾਂ ਹਵਾਲਾਤ 'ਚ ਆਇਆ ਸੀ ਅਤੇ ਹਫਤਾ ਕੁ ਪਹਿਲਾਂ ਹੀ ਛੱਡ ਦਿਤਾ ਗਿਆ ਸੀ। ਭਾਈਆ ਜੀ ਕਹਿਣ ਲੱਗੇ, "ਜਾਂਦਾ ਹੋਇਆ ਉਹ ਮੈਨੂੰ ਮਿਲ ਕੇ ਗਿਆ ਇਨ੍ਹਾਂ ਦਿਨਾਂ ਵਿਚ ਉਹਦੀ ਦੇਸ਼ ਭਗਤੀ, ਦ੍ਰਿੜਤਾ ਅਤੇ ਦਲੇਰੀ ਨੇ ਮੈਨੂੰ ਬੜਾ ਹੀ ਪ੍ਰਭਾਵਿਤ ਕਰ ਦਿਤਾ ਸੀ !"

ਮੈਂ ਉਤਾਵਲਤਾ ਨਾਲ ਪੁਛਿਆ, ਪਰ ਭਾਈਆ ਜੀ, ਇਹ ਤਸਵੀਰ ਤੁਹਾਡੇ ਹੱਥ ਕਿਵੇਂ ਲੱਗੀ ਅਤੇ ਕਿਥੋਂ ਲੱਗੀ ?"

"ਲੈ ਇਹ ਵੀ ਸੁਣ,"ਭਾਈਆ ਜੀ ਨੇ ਇਕ ਵਾਰ ਫਿਰ ਤਸਵੀਰ ਵਲ ਵੇਖਦਿਆਂ ਕਿਹਾ।

"ਇਹ ਗੱਲ 1930 ਦੀ ਹੈ। ਭਾਈਆ ਜੀ ਮਿਲਖਾ ਸਿੰਘ ਉਨ੍ਹੀਂ ਦਿਨੀਂ ਵਕੀਲ ਰਘੁਨਾਥ ਸਹਾਏ ਕੋਲ ਮੁਨਸ਼ੀ ਵਜੋਂ ਕੰਮ ਕਰ ਰਹੇ ਸਨ। ਉਹ ਪਹਿਲਾਂ ਬੱਬਰਾਂ ਦੇ ਮੁਕੱਦਮੇ ਵੀ ਲੜ ਚੁਕਿਆ ਸੀ ਅਤੇ ਹੁਣ ਸਾਂਡਰਸ ਕੇਸ ਵਿਚ ਕੰਮ ਕਰ ਰਹੀ ਵਕੀਲ-ਮੰਡਲੀ ਵਿਚੋਂ ਇਕ ਸੀ।

ਭਾਈਆ ਜੀ ਨੇ ਦਸਿਆ,"ਇਕ ਦਿਨ ਅਸੀਂ ਮਿਸਲਾਂ ਦੀ ਪੱਖ ਲਈ ਗਏ। ਇਕ ਫਾਈਲ ਵਿਚ ਇਹ ਤਸਵੀਰ ਲੱਗੀ ਹੋਈ ਸੀ। ਕਿਉਂਕਿ ਲਾਹੌਰ ਹਵਾਲਾਤ ਦੇ ਵਿਹੜੇ ਵਿਚ ਭਗਤ ਸਿੰਘ ਦੀ ਪੁਛ ਗਿਛ ਦਾ ਦ੍ਰਿਸ਼ ਮੇਰੀ ਕੋਠੜੀ ਵਿਚੋਂ ਦਿਸਦਾ ਹੁੰਦਾ ਸੀ, ਮੈਂ ਝੱਟ ਪਛਾਣ ਗਿਆ ਕਿ ਇਹ ਤਾਂ ਉਸ ਸਮੇਂ ਦੀ ਹੀ ਤਸਵੀਰ ਹੈ। ਉਸ ਸਮੇਂ ਸਰਕਾਰ ਨੇ ਚੋਰੀਉਂ ਉਹਦੀ ਤਸਵੀਰ ਲਾਹ ਕੇ ਫਾਈਲ ਵਿਚ ਰੱਖ ਲਈ ਸੀ। ਮੈਨੂੰ ਇਕਦਮ ਫੁਰਨਾ ਫੁਰਿਆ ਕਿ ਇਹ ਤਾਂ ਬਹੁਤ ਅਹਿਮ ਤਸਵੀਰ ਹੈ। ਤੇ ਮੈਂ ਅੱਗਾ ਪਿਛਾ ਵੇਖਦਿਆਂ ਉਹ ਫਾਈਲ ਵਿਚੋਂ ਖਿਚ ਕੇ ਨੇਫੇ ਵਿਚ ਟੁੰਗ ਲਈ, ਕਿਉਂਕਿ ਮਿਸਲਾਂ ਵੇਖ ਕੇ ਬਾਹਰ ਨਿਕਲਣ ਸਮੇਂ ਹੁਕਮ ਤਾਂ ਤਲਾਸ਼ੀ ਲੈਣ ਦਾ ਸੀ, ਪਰ ਰੋਜ਼ ਦਾ ਵਾਹ ਹੋਣ ਕਰਕੇ ਉਹ ਜੇਬਾਂ ਖੀਸੇ ਟੋਹ ਕੇ ਬਸ ਕਾਰਵਾਈ ਜਿਹੀ ਪੂਰੀ ਕਰ ਲੈਂਦੇ ਸਨ। ਅਗਲੇ ਸਾਲ ਉਸ ਦੇਸ਼ ਭਗਤ ਹੀਰੇ ਨੂੰ ਫਾਂਸੀ ਹੋ ਗਈ ਅਤੇ ਇਹ ਤਸਵੀਰ ਮੈਂ ਘਰੇ ਲਕੋ ਛੱਡੀ।"

"ਤੇ ਤੁਸੀਂ ਇਹ ਤਸਵੀਰ ਭਗਤ ਸਿੰਘ 'ਦੇ ਪਰਿਵਾਰ ਨੂੰ ਕਦੋਂ ਦਿਤੀ ?" ਮੈਂ ਪੁਛਿਆ।

"ਇਹ 1950 ਦੀ ਗਲ ਹੈ। ਭਗਤ ਸਿੰਘ ਦਾ ਭਾਈ ਕੁਲਬੀਰ ਸਿੰਘ ਇਕ ਦਿਨ ਆਦਮਪੁਰ ਦੁਆਬੇ ਦੇ ਬੱਸ ਅੱਡੇ ਉਤੇ ਖੜੋਤਾ ਸੀ। ਮੈਂ ਉਹ ਨੂੰ ਜਾਣਦਾ ਸੀ, ਮੈਨੂੰ ਨਹੀਂ ਸੀ ਜਾਣਦਾ। ਮੈਂ ਉਹਨੂੰ ਤਸਵੀਰ ਬਾਰੇ ਦਸਿਆ ਤੇ ਫਿਰ ਇਹਦੀ ਕਾਪੀ ਉਹਨੂੰ ਦਿਤੀ।"

ਇਕ ਦਿਨ ਅਚਾਨਕ ਸ੍ਰੀ ਕੁਲਬੀਰ ਸਿੰਘ ਨਾਲ ਮੇਰੀ ਮੁਲਾਕਾਤ ਹੋਈ, ਤਾਂ ਉਨ੍ਹਾਂ ਨੇ ਤਸਵੀਰ ਬਾਰੇ ਕਿਹਾ, "ਹਾਂ, ਇਸ ਤਸਵੀਰ ਸਾਨੂੰ ਸਰਦਾਰ ਮਿਲਖਾ ਸਿੰਘ 'ਨਿਝਰ' ਤੋਂ ਹੀ ਪ੍ਰਾਪਤ ਹੋਈ ਸੀ, ਜੀਹਦੇ ਲਈ ਅਸੀਂ ਉਨ੍ਹਾਂ ਦੇ ਬੜੇ ਧੰਨਵਾਦੀ ਹਾਂ।"

ਤੇ ਇਹ, ਸ਼ਾਇਦ ਸੁਤੰਤਰਤਾ-ਸੰਗਰਾਮੀਏ ਵਜੋਂ ਸ਼ਹੀਦ ਭਗਤ ਸਿੰਘ ਦੀ, ਕੈਮਰੇ ਦੀ, ਸਾਨੂੰ ਪਰਾਪਤ ਇਕੋ ਇਕ ਤਸਵੀਰ ਹੈ ! ● (DELHI)

# ਸਾਡਾ ਭਗਤ ਸਿੰਘ

'ਪੰਜਾਬ ਟਾਈਮਜ਼', ਇੰਗਲੈਂਡ (5 ਅਪਰੈਲ 85) ਵਿੱਚ ਛਪੇ ਇੱਕ ਲੇਖ ਦਾ, ਅਮਰਜੀਤ ਚੰਦਨ ਵੱਲੋਂ ਦਿੱਤਾ ਗਿਆ ਇਹ ਜਵਾਬ ਅਸੀਂ 'ਚਰਚਾ', ਇੰਗਲੈਂਡ (ਮਈ 85) ਵਿੱਚੋਂ ਲਿਆ ਹੈ। ਕਵੀ, ਅਨੁਵਾਦਕ ਅਤੇ ਸੰਪਾਦਕ, ਅਮਰਜੀਤ ਚੰਦਨ, "ਸ਼ਹੀਦ ਭਗਤ ਸਿੰਘ ਖੋਜ ਕਮੇਟੀ, ਲੁਧਿਆਣਾ" ਦਾ ਮੈਂਬਰ ਹੈ। ਇਸ ਕਮੇਟੀ ਦੇ ਬਾਕੀ ਮੈਂਬਰ ਹਨ: ਪ੍ਰੋ: ਬਿਪਨ ਚੰਦਰ (ਪ੍ਰਧਾਨ), ਪ੍ਰੋ: ਜਗਮੋਹਨ ਸਿੰਘ (ਸਕੱਤਰ), ਡਾ: ਹਰੀਸ਼ਪੁਰੀ, ਭਗਵਾਨ ਜੋਸ਼ ਅਤੇ ਗੁਰਸ਼ਰਨ ਸਿੰਘ।

ਪੰਜਾਬ ਦਾ ਇਸ ਸਦੀ ਦਾ ਸਭ ਤੋਂ ਉਘਾ ਲੋਕ-ਨਾਇਕ ਭਗਤ ਸਿੰਘ ਪੰਜਾਬ ਦੀ ਸਮੂਹ ਸੰਵੇਦਨਾ ਦਾ ਅਟੁੱਟ ਅੰਗ ਬਣ ਚੁੱਕਾ ਹੈ। ਆਮ ਬੰਦਾ ਉਸ ਨੂੰ ਭਗਤ ਸਿੰਘ ਦੱਤ ਕਰਕੇ ਯਾਦ ਕਰਦਾ ਹੈ। ਆਮ ਬੰਦੇ ਦੇ ਜ਼ਿਹਨ ਵਿਚ ਭਗਤ ਸਿੰਘ ਦਾ ਤਸੱਵੁਰ ਟੋਪ ਵਾਲਾ ਖ਼ੂਬਸੂਰਤ ਨੌਜਵਾਨ ਹੈ, ਜੋ ਭਰ ਜਵਾਨੀ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਫ਼ਾਂਸੀ ਚੜ੍ਹ ਗਿਆ ਸੀ। ਇਹ ਸਤਿਕਾਰ ਅਤੇ ਅਹਸਾਨਮੰਦੀ ਦੀ ਭਾਵਨਾ ਭਗਤ ਸਿੰਘ ਨੂੰ ਕਿਸੇ ਸਿਆਸੀ ਤੇ ਧਾਰਮਿਕ ਚੌਖਟੇ ਵਿਚ ਨਹੀਂ ਰੱਖਦੀ। ਉਹਨਾਂ ਲਈ ਭਗਤ ਸਿੰਘ ਸਿਰਫ਼ ਸ਼ਹੀਦ ਭਗਤ ਸਿੰਘ ਹੈ; ਕੋਈ ਸਿੱਖ, ਆਰੀਆ ਸਮਾਜੀ, ਕਾਂਗਰਸੀ ਜਾਂ ਕਮਿਊਨਿਸਟ ਨਹੀਂ। ਸ਼ਾਇਦ ਕੋਈ ਹੀ ਪੰਜਾਬੀ ਹੋਵੇਗਾ, ਜੋ ਭਗਤ ਸਿੰਘ ਦਾ ਨਾਂ ਨਾ ਜਾਣਦਾ ਹੋਵੇ। ਇਸੇ ਲਈ ਤਾਂ ਕੁੜੀਆਂ ਰੀਝਾਂ ਨਾਲ ਦਸੂਤੀ 'ਤੇ ਭਗਤ ਸਿੰਘ ਦੀ ਮੂਰਤ ਦਾ ਕਸੀਦਾ ਕਢਦੀਆਂ ਹਨ ਤੇ ਟਰੱਕਾਂ ਵਾਲੇ ਬੜੇ ਚਾਅ ਨਾਲ ਟਰੱਕਾਂ ਦੀਆਂ ਬਾਰੀਆਂ 'ਤੇ ਮਰੋੜੀਆਂ ਮੁੱਛਾਂ ਵਾਲੇ ਭਗਤ ਸਿੰਘ ਦੀ ਤਸਵੀਰ ਉਚੇਚੀ ਬਣਾਉਂਦੇ ਹਨ।

ਭਗਤ ਸਿੰਘ ਦੇ ਹਰਮਨ ਪਿਆਰੇ ਹੋਣ ਦਾ ਸਿਆਸੀ ਪੱਖ ਵੀ ਹੈ, ਜਿਹਨੂੰ ਆਮ ਸਾਦਾ ਦਿਲ ਬੰਦਾ ਤਾਂ ਨਹੀਂ ਸਮਝਦਾ, ਪਰ ਭਗਤ ਸਿੰਘ ਦੇ ਨਾਂ ਨੂੰ ਆਪਣੀ ਗਰਜ਼ ਲਈ ਵਰਤਣ ਵਾਲੇ ਖੂਬ ਚੰਗੀ ਤਰ੍ਹਾਂ ਜਾਣਦੇ ਹਨ। ਸੰਨ ਸੰਨਤਾਲੀ ਮਗਰੋਂ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਉਹਦੀ ਸ਼ਹੀਦੀ ਵਾਲੇ ਦਿਨ ਲਗਦਾ ਮੇਲਾ ਵਿਸਾਖੀ, ਦੁਸਿਹਰੇ ਵਰਗਾ ਮੇਲਾ ਹੋ ਗਿਆ ਹੈ, ਇਸ ਵਿਚ ਹਰ ਭਾਂਤ ਦੇ ਲੋਕ ਆਪਣੀਆਂ ਸਟੇਜਾਂ ਲਾਉਂਦੇ ਹਨ। ਹੁਣ ਤਾਂ ਕੂਕੇ ਵੀ ਹਰ ਵਾਰ ਅਖੰਡ ਪਾਠ ਰੱਖਣ ਲੱਗ ਪਏ ਹਨ। ਕਾਂਗਰਸੀ ਹੁੰਦੇ ਹਨ, ਜਿਹਨਾਂ ਦੇ ਬਾਪੂ ਗਾਂਧੀ ਮਹਾਤਮਾ ਨੇ ਭਾਵੇਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਿਧਾ ਦਖਲ ਦੇ ਕੇ ਫਾਂਸੀ ਤਾਂ ਨਹੀਂ ਸੀ ਲਵਾਇਆ, ਪਰ ਉਹਦਾ ਉਦੋਂ ਇੰਨਾ ਕੁ ਸਿਆਸੀ ਰਸੂਖ ਜ਼ਰੂਰ ਸੀ, ਕਿ ਉਹ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਹੇ ਲਾਉਣੋਂ ਹਟਾ ਸਕਦਾ ਸੀ। ਅਕਾਲੀ ਤੇ ਜਨਸੰਘੀ ਵੀ ਸਟੇਜਾਂ ਲਾਉਂਦੇ ਹਨ, ਭਾਵੇਂ ਕਿ ਭਗਤ ਸਿੰਘ ਦਾ ਫਲਸਫ਼ਾ ਨਾ ਤਾਂ ਧਾਰਮਿਕ ਰੂਪ ਵਿਚ ਅਤੇ ਨਾ ਸਿਆਸੀ ਰੂਪ ਵਿਚ ਉਹਨਾਂ ਨਾਲ ਕਿਤੇ ਵੀ ਮੇਲ ਨਹੀਂ ਖਾਂਦਾ। ਕਾਂਗਰਸ ਪਾਰਟੀ ਨੇ ਪੰਦਰਾਂ ਕੁ ਸਾਲ ਪਹਿਲਾਂ ਭਗਤ ਸਿੰਘ ਦੇ ਨਾਂ ਤੇ ਲੱਖਾਂ ਰੁਪਈਆਂ ਦਾ ਫੰਡ ਇਕੱਠਾ ਕੀਤਾ ਸੀ। ਐਂਤਕੀਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਭਗਤ ਸਿੰਘ ਤੇ ਸਾਥੀਆਂ ਦੀਆਂ ਸਮਾਧਾਂ ਤੇ ਫੁਲ ਚੜ੍ਹਾਉਣ ਗਿਆ। ਪਹਿਲਾਂ ਕਾਂਗਰਸ ਸਰਕਾਰ ਭਗਤ ਸਿੰਘ ਦੀ ਡਾਕ ਟਿਕਟ ਜਾਰੀ ਕਰ ਚੁਕੀ ਹੈ, ਕਈ ਬੁਤ ਖੜੇ ਕਰ ਚੁਕੀ ਹੈ ਤੇ ਕਈਆਂ ਸੜਕਾਂ ਅਤੇ ਕਲੋਨੀਆਂ ਦੇ ਨਾਂ ਭਗਤ ਸਿੰਘ ਦੇ ਨਾਂ ਤੇ ਰੱਖ ਚੁਕੀ ਹੈ। ਕੀ ਇਹਦਾ ਭਾਵ ਹੈ ਕਿ ਕਾਂਗਰਸ ਅਕਾਲੀ ਜਾਂ ਹੋਰ ਸਰਮਾਏਦਾਰ ਪਾਰਟੀਆਂ ਦਾ ਭਗਤ ਸਿੰਘ ਦੀ ਕਮਿਊਨਿਸਟ ਫਲਾਸਫੀ ਨਾਲ ਕੋਈ ਹੇਜ ਹੈ? ਨਹੀਂ, ਬਿਲਕੁਲ ਨਹੀਂ। ਇਹਨਾਂ ਦਾ ਇਕੋ ਇਕ ਮਕਸਦ ਹੈ, ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਅਤੇ ਆਪਣੀ ਲੁਟ ਖੋਹ ਜਾਰੀ ਰੱਖਣਾ। ਭਗਤ ਸਿੰਘ ਦੇ ਨਾਂ ਤੇ ਉਗਰਾਹਿਆ ਪੈਸਾ ਕਾਂਗਰਸ ਪਾਰਟੀ ਨੇ ਹਾਲੇ ਤਕ ਕਿਤੇ ਨਹੀਂ ਵਰਤਿਆ। ਭਗਤ ਸਿੰਘ ਦੀਆਂ ਲਿਖਤਾਂ ਦੀ ਕਿਤਾਬ ਛਾਪਣ ਲਈ (ਜਿਸ 'ਤੇ ਮਸਾਂ 25 ਹਜ਼ਾਰ ਰੁਪਈਆ ਖਰਚ ਆਵੇਗਾ) ਇਕ ਪਾਈ ਵੀ ਦੇਣ ਲਈ ਤਿਆਰ ਨਹੀਂ। ਕਿਉਂ? ਕਿਉਂਕਿ ਇਹਨਾਂ ਲਿਖਤਾਂ ਵਿਚ ਇਹਨਾਂ ਕਾਂਗਰਸੀਆਂ ਤੇ ਮਜ਼ਹਬੀ ਫਿਰਕਾਪ੍ਰਸਤਾਂ ਦੇ ਮੁਖੌਟੇ ਲੀਰੋ ਲੀਰ ਹੋਏ ਮਿਲਦੇ ਹਨ। ਲਿਖਤਾਂ ਛਾਪਣ ਵੰਡਣ ਦਾ ਕੰਮ ਕਰਨ ਇਹਨਾਂ ਦੇ ਦੁਸ਼ਮਣ, ਇਹ ਕਿਉਂ ਕਰਨ?!

ਭਗਤ ਸਿੰਘ ਦੀ ਨਿੱਕੀ ਜਿਹੀ 23 ਸਾਲਾਂ ਦੀ ਜ਼ਿੰਦਗੀ ਸਾਡੇ ਇਤਿਹਾਸ ਦਾ ਅਦਭੁਤ ਵਰਤਾਰਾ ਹੈ। ਮਾਰਕਸਵਾਦੀ ਇਤਿਹਾਸਕਾਰ ਪ੍ਰੋਫ਼ਿਸਰ ਬਿਪਨ ਚੰਦਰ ਨੇ ਭਗਤ ਸਿੰਘ ਦੇ ਮਸ਼ਹੂਰ ਲੇਖ "ਮੈਂ ਨਾਸਤਕ ਕਿਉਂ ਹਾਂ" ਦੀ ਜਾਣ ਪਛਾਣ ਵਿਚ ਬੜੀ ਠੀਕ ਗਲ ਲਿਖੀ ਹੈ: "ਸਾਡੇ ਲੋਕਾਂ ਨਾਲ ਬਹੁਤ ਵੱਡੇ ਦੁਖਾਂਤ ਵਾਪਰੇ ਹਨ। ਸਾਡੇ ਨਾਲ ਸਭ ਤੋਂ ਵੱਡਾ ਦੁਖਾਂਤ ਇਹ ਵਾਪਰਿਆ ਕਿ ਬਸਤੀਵਾਦੀ ਹਾਕਮਾਂ ਨੇ ਸਾਡੇ ਇਸ ਅਲੋਕਾਰ ਬੁਧ ਵਾਲੇ ਦਿਮਾਗ ਨੂੰ ਛੋਟੀ ਉਮਰ ਵਿਚ ਹੀ ਸੋਚਣੋਂ ਬੰਦ ਕਰ ਦਿਤਾ।"

ਸਾਡੇ ਸਮਾਜ ਵਿਚ ਤਾਂ ਆਮ ਬੰਦੇ ਨੂੰ 25 ਸਾਲ ਦੀ ਉਮਰ ਤਕ ਅਪੜ ਕੇ ਦੀਨ ਦੁਨੀਆਂ ਦਾ ਮਾੜਾ ਮੋਟਾ ਪਤਾ ਲਗਣ ਲੱਗਦਾ ਹੈ। ਪਰ ਭਗਤ ਸਿੰਘ ਨੇ 21 ਸਾਲ ਦੀ ਉਮਰ ਤਕ (ਅਗਲੇ ਦੋ ਸਾਲ ਜੇਹਲ ਵਿਚ ਬੀਤੇ) ਬਿਨਾਂ ਕਿਸੇ ਅਗਵਾਈ ਦੇ ਦੁਨੀਆਂ ਦੇ ਹਰ ਭਾਂਤ ਦੇ ਸਾਹਿਤ ਦਾ ਏਨਾ ਡੂੰਘਾ ਮੁਤਾਲਿਆ ਕਰ ਲਿਆ ਸੀ ਕਿ ਜਾਣ ਕੇ ਬਹੁਤ ਹੈਰਾਨੀ ਹੁੰਦੀ ਹੈ। ਖੈਰ ਭਗਤ ਸਿੰਘ ਦਾ ਬੌਧਿਕ ਵਿਕਾਸ ਤਾਂ ਉਹਦੀ ਲਿਖੀ ਜਾਣ ਵਾਲੀ ਜੀਵਨੀ ਦਾ ਮਜ਼ਮੂਨ ਹੈ, ਪਰ ਸੰਖੇਪ ਰੂਪ ਵਿਚ ਗਲ ਇਸ ਤਰ੍ਹਾਂ ਹੈ ਕਿ ਭਗਤ ਸਿੰਘ ਦੀ ਸੁਚੇਤ ਜ਼ਿੰਦਗੀ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ:: (ੳ) ਗਾਂਧੀਵਾਦੀ ਰਾਸ਼ਟਰਵਾਦ (ਅ) ਇਨਕਲਾਬੀ ਦਹਿਸ਼ਤਵਾਦ ਤੇ (ੲ) ਮਾਰਕਸਵਾਦ। ਮੰਦੇ ਭਾਗਾਂ ਨੂੰ ਭਗਤ ਸਿੰਘ ਦਾ ਮਾਰਕਸਵਾਦੀ ਚਿੰਤਨ ਦੇ ਸਿਧਾਂਤਕਾਰ ਹੋਣ ਵਾਲਾ ਪੱਖ ਬਹੁਤ ਘੱਟ ਜਾਣਿਆ ਜਾਂਦਾ ਹੈ। ਨਤੀਜੇ ਵਜੋਂ ਹਰ ਤਰ੍ਹਾਂ ਦੇ ਪਿਛਾਂਹਖਿਚੂ, ਪੁਰਾਤਨਪੰਥੀਏ ਤੇ ਹਿੰਦੂ ਸਿੱਖ ਫਿਰਕਾਪ੍ਰਸਤ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੇ ਨਾਵਾਂ ਨੂੰ ਬੇਈਮਾਨੀ ਨਾਲ ਆਪਣੀ ਆਪਣੀ ਸਿਆਸਤ ਵਾਸਤੇ ਵਰਤਦੇ ਰਹੇ ਹਨ। ਇਸਤੋਂ ਹੋਰ ਵੀ ਵਧ ਮਾੜੀ ਗਲ ਇਹ ਹੈ ਕਿ ਪੰਜ ਸਾਲ ਪਹਿਲਾਂ ਪੰਜਾਬੀ ਸਾਹਿਤਕ ਹਸਤੀ ਸੰਤ ਸਿੰਘ ਸੇਖੋਂ ਨੇ ਭਗਤ ਸਿੰਘ ਵਿਰੁਧ ਕੁਫਰ ਤੋਲਿਆ ਸੀ ਤੇ ਉਹਦੀ ਬੋਲੀ "ਸਿਰਜਣਾ" ਨਾਮੀ ਪਰਚੇ ਆਪਣੇ ਅੰਕਾਂ ਵਿਚ ਬੋਲਣੀ ਜਾਰੀ ਰੱਖੀ ਸੀ। ਸੇਖੋਂ ਤੇ "ਸਿਰਜਣਾ" ਦਾ ਇਹ ਰੋਲ ਨਿਰੀ ਅਗਿਆਨਤਾ ਦੇ ਕਾਰਣ ਸੀ। ਇਹ ਭਗਤ ਸਿੰਘ ਦੀ ਜ਼ਿੰਦਗੀ ਦੇ ਪਹਿਲੇ ਦੋ ਪੱਖਾਂ ਨੂੰ ਹੀ ਵੇਖਦੇ ਹਨ, ਉਹਦੇ ਮਾਰਕਸਵਾਦੀ ਚਿੰਤਕ ਹੋਣ ਵਾਲੇ ਤੀਜੇ ਪੱਖ ਨੂੰ ਨਹੀਂ।

ਕੁਝ ਕੱਟੜ ਸਿੱਖਾਂ ਨੂੰ ਹਰ ਸਾਲ ਭਗਤ ਸਿੰਘ ਦੇ ਸ਼ਹੀਦੀ ਦਿਨ ਦੇ ਲਾਗੇ ਆ ਕੇ ਹੌਲ ਪੈਣ ਲਗਦੇ ਹਨ ਤੇ ਉਹਨਾਂ ਦਾ ਸਾਰਾ ਜੋਰ ਜਿਸ ਗਲ ਨੂੰ ਸਾਬਤ ਕਰਨ ਤੇ ਲਗ ਜਾਂਦਾ ਹੈ ਕਿ ਭਗਤ ਸਿੰਘ ਫਾਂਸੀ ਚੜ੍ਹਣ ਤੋਂ ਪਹਿਲਾਂ ਆਪਣੇ ਮਾਰਕਸਵਾਦੀ ਵਿਚਾਰਾਂ ਨੂੰ ਤਿਆਗਕੇ ਮੁੜ ਆਸਤਕ ਹੋ ਗਿਆ ਸੀ। ਉਹ ਹਵਾਲਾ ਕਿਸੇ ਸੰਤ ਰਣਧੀਰ ਸਿੰਘ ਦਾ ਦਿੰਦੇ ਹਨ, ਜੋ ਹੁਣ ਜਿਉਂਦਾ ਨਹੀਂ ਹੈ। ਉਹਦੀ ਜਵਾਬ ਤਲਬੀ ਮੁਮਕਨ ਨਹੀਂ। ਸਾਡੇ ਕੋਲ ਸਿੱਖ ਫ਼ਿਰਕਾਪ੍ਰਸਤ ਅਖਬਾਰ ਦੇ ਨੌਕਰ ਗੁਰਚਰਨ ਸਿੰਘ ਖਾਲਸੇ ਵਾਂਗ 'ਰੂਹਾਂ' ਨਾਲ ਗਲ ਬਾਤ ਕਰਨ ਦਾ ਕੋਈ ਸਾਧਨ ਮੌਜੂਦ ਨਹੀਂ ਅਤੇ ਨਾ ਹੀ ਸਾਡਾ ਕਿਸੇ ਅਜ਼ੀ ਆਤਮਾ ਵਿਚ ਵਿਸ਼ਵਾਸ਼ ਹੈ। ਇਸ ਲਈ ਕਿਸੇ ਠੋਸ ਇਤਿਹਾਸਕ ਗਵਾਹੀ ਦੇ ਨਾ ਹੋਣ ਦੀ ਸੂਰਤ ਵਿਚ ਪੰਜਾਬ ਟਾਈਮਜ਼ (5 ਅਪਰੈਲ 1985) 'ਚ ਗੁਰਚਰਨ ਸਿੰਘ ਖਾਲਸਾ ਉਰਫ਼ ਜਰਨਲਿਸਟ ਦੇ ਲੇਖ ਦਾ ਬਾਦਲੀਲ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਾਂ।

ਸਭ ਤੋਂ ਪਹਿਲਾਂ ਭਗਤ ਸਿੰਘ ਦੀ ਮੰਜੇ ਤੇ ਬੈਠੇ ਦੀ ਤਸਵੀਰ ਦਾ ਨਿਬੇੜਾ ਕਰ ਲੈਣਾ ਚਾਹੀਦਾ ਹੈ। ਇਸ ਤਸਵੀਰ ਦੀ ਪੂਰੀ ਕਹਾਣੀ 'ਚਰਚਾ' (ਮਾਰਚ 85) ਵਿਚ ਛਪ ਚੁਕੀ ਹੈ। ਸਾਰ ਇਹ ਹੈ ਕਿ ਇਹ ਤਸਵੀਰ ਮਈ 1927 ਦੀ ਲਾਹੌਰ ਦੀ ਹੈ, ਜਦ ਭਗਤ ਸਿੰਘ ਪਹਿਲੀਵਾਰੀ ਕਿਸੇ ਝੂਠੇ ਕੇਸ ਵਿਚ ਗ੍ਰਿਫ਼ਤਾਰ ਹੋਇਆ ਸੀ। ਮੰਜੇ ਦੇ ਨਾਲ ਕੁਰਸੀ ਉਤੇ ਚਿੱਟੇ ਲੀੜਿਆਂ ਵਾਲਾ ਸਿੱਖ ਕੋਈ ਸੀ ਆਈ ਡੀ ਦਾ ਕਾਰਕੁੰਨ ਹੈ। (ਖੋਜ ਕੀਤਿਆਂ ਇਹ ਵੀ

ਪਤਾ ਲਗ ਸਕਦਾ ਹੈ ਕਿ ਇਹ ਕੌਣ ਸੀ ਤੇ ਇਸਦਾ ਥਹੁ ਟਿਕਾਣਾ ਕੀ ਸੀ) ਭਗਤ ਸਿੰਘ ਦੀ ਇਸ ਤਸਵੀਰ ਨੂੰ ਖਾਸਕਰ ਕੱਟੜ ਸਿੱਖਾਂ ਨੇ ਬੜਾ ਤਰੋੜ – ਮਰੋੜ ਕੇ ਪੇਸ਼ ਕੀਤਾ ਹੈ। ਕਈ ਸਾਲ ਤਾਂ ਇਹ ਇਹ ਕਹਿੰਦੇ ਰਹੇ ਕਿ ਇਹ ਕੁਰਸੀ ਤੇ ਬੈਠਾ ਸੰਤ ਰਣਧੀਰ ਸਿੰਘ ਹੈ ਤੇ ਭਗਤ ਸਿੰਘ ਹਥ ਜੋੜ ਬੇਨਤੀਆਂ ਕਰ ਰਿਹਾ ਹੈ ਕਿ ਸੰਤ ਜੀ ਮੈਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਉ। ਇਸ ਤਸਵੀਰ ਨੂੰ ਬਦਲ ਕੇ ਕਲੰਡਰ ਵੀ ਬਣਾਏ ਗਏ, ਜਿਸ ਵਿਚ ਕੁਰਸੀ ਵਾਲੇ ਜਣੇ ਦੇ ਗੋਲ ਨੀਲੀ ਪੱਗ ਬੰਨ੍ਹਾਈ ਗਈ। ਭਗਤ ਸਿੰਘ ਦੀ ਮੰਜੇ ਵਾਲੇ ਪੋਜ਼ ਦੀ ਪੇਟਿੰਗ ਵੀ ਬਣਾਈ ਗਈ, ਜਿਸ ਵਿਚ ਕੁਰਸੀ ਵਾਲਾ ਜਣਾ ਗਾਇਬ ਹੈ ਤੇ ਬਾਹਰ ਬੰਦੂਕਧਾਰੀ ਗੈਰ ਸਿੱਖ ਸਿਪਾਹੀ ਖੜਾ ਹੈ। (ਸਿਪਾਹੀ ਤਾਂ ਸਿੱਖ ਵੀ ਬਣਾਇਆ ਜਾ ਸਕਦਾ ਸੀ, ਪਰ ਇਹ ਗਲ ਫ਼ਿਰਕਾਪ੍ਰਸਤੀ ਦੇ ਖਾਨੇ 'ਚ ਫਿੱਟ ਨਹੀਂ ਹੁੰਦੀ) ਇਹ ਪੇਟਿੰਗ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਪੰਦਰਾਂ ਕੁ ਸਾਲ ਪਹਿਲਾਂ ਲਾਈ ਗਈ ਸੀ। ਇਸੇ ਪੇਟਿੰਗ ਦਾ ਭੱਦਾ ਉਤਾਰਾ (ਜੋ ਚੱਚਾ ਸੱਸਾ ਚੰਨ ਵਰਗੇ ਦੀ ਚਿਤਰਕਲਾ ਦਾ ਕਮਾਲ ਹੈ!) ਪੰਜਾਬ ਟਾਈਮਜ਼ (29 ਮਾਰਚ 85) ਦੇ ਟਾਈਟਲ ਤੇ ਵੀ ਛਪਿਆ, ਜਿਹਦੇ ਬਾਰੇ ਗੁਰਚਰਨ ਸਿੰਘ ਖਾਲਸਾ ਉਰਫ ਜਰਨਲਿਸਟ ਆਪਣੇ ਲੇਖ ਵਿਚ ਲਿਖਦਾ ਹੈ: "ਬੀਤੇ ਹਫਤੇ ਪੰਜਾਬ ਟਾਈਮਜ਼ ਨੇ ਸ਼ਹੀਦ ਭਗਤ ਸਿੰਘ ਦਾ ਉਹ ਫੋਟੋ ਮੁਖ ਪੰਨੇ ਤੇ ਛਾਪਿਆ ਸੀ, ਜੋ ਉਸਨੂੰ ਫਾਂਸੀ ਦੇਣ ਤੋਂ ਪਹਿਲਾਂ ਜਿਹਲ ਦੀ ਕਾਲ ਕੋਠੜੀ ਵਿਚ ਲਿਆ ਗਿਆ ਸੀ ਤੇ ਕੁਝ ਵਰ੍ਹੇ ਹੋਏ ਬੰਬਈ ਦੇ ਪ੍ਰਸਿਧ ਅੰਗਰੇਜ਼ੀ ਹਫ਼ਤੇਵਾਰ ਅਖਬਾਰ ਬਲਿਟਜ਼ ਨੇ ਪ੍ਰਕਾਸ਼ਤ ਕੀਤਾ ਸੀ ਸ਼ਹੀਦ ਭਗਤ ਸਿੰਘ ਦਾ ਇਹ ਚਿੱਤਰ ਉਸਦੇ ਸਿੱਖੀ ਰੂਪ ਅਤੇ ਸਰੂਪ ਦੇ ਧਾਰਨੀ ਹੋਣ ਦਾ ਪ੍ਰਗਟਾਅ ਕਰਦਾ ਹੈ ਤੇ ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ ਦੇ ਪ੍ਰਵਚਨਾਂ ਦਾ ਪ੍ਰਤੱਖ ਪ੍ਰਗਟਾ ਹੈ।"

ਸਭ ਤੋਂ ਪਹਿਲਾਂ ਗਲ ਤਾਂ ਇਹ ਹੈ ਕਿ ਜਿਸ ਚਿਤਰ ਦੀ ਗਲ ਕੀਤੀ ਗਈ ਹੈ, ਉਹ ਫੋਟੋ ਬਿਲਕੁਲ ਨਹੀਂ ਹੈ, ਪੇਟਿੰਗ ਹੈ। ਜਿੰਨਾ ਕੋਝਾ ਤੇ ਬਦਸੂਰਤ ਭਗਤ ਸਿੰਘ ਇਸ ਪੇਟਿੰਗ ਵਿਚ ਦਰਸਾਇਆ ਗਿਆ ਹੈ, ਓਨਾ ਉਹ ਹੈ ਨਹੀਂ ਸੀ! ਦਰਅਸਲ ਇਹਨਾਂ ਲੋਕਾਂ ਨੇ ਝੂਠ ਬੋਲਣ ਅਤੇ ਪ੍ਰਚਾਰਨ ਦਾ ਠੇਕਾ ਲਿਆ ਹੋਇਆ ਹੈ। ਇਹਨਾਂ ਨੂੰ ਪੁਛਣ ਵਾਲਾ ਕੋਈ ਨਹੀਂ ਤੇ ਕੁਫਰ ਤੋਲਣ ਲੱਗੇ ਆਪਣੇ ਵਾਹਿਗੁਰੂ ਦੀ ਵੀ ਸ਼ਰਮ ਨਹੀਂ ਕਰਦੇ। ਕੁਝ ਮਹੀਨੇ ਹੀ ਪਹਿਲਾਂ ਪੰਜਾਬ ਟਾਈਮਜ਼ ਦੇ ਟਾਈਟਲ ਤੇ ਭਾਰਤੀ ਰਾਸ਼ਟਰਪਤੀ ਭਵਨ ਦੇ ਕਿਸੇ ਅਰਦਲੀ ਜਾਂ ਖਾਨਸਾਮੇ ਦੀ ਤਸਵੀਰ ਛਾਪ ਕੇ ਇਹ ਝੂਠ ਲਿਖਿਆ ਗਿਆ ਸੀ ਕਿ ਇਹ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੀ ਤਸਵੀਰ ਹੈ।

ਰਣਧੀਰ ਸਿੰਘ ਦੀ ਭਗਤ ਸਿੰਘ ਨਾਲ ਮੁਲਾਕਾਤ •

ਕੋਈ ਇਤਿਹਾਸਕ ਗਵਾਹੀ ਮੌਜੂਦ ਨਹੀਂ ਹੈ ਕਿ ਸੰਤ ਰਣਧੀਰ ਸਿੰਘ ਨੇ ਭਗਤ ਸਿੰਘ ਨਾਲ ਮੁਲਾਕਾਤ ਕੀਤੀ ਹੋਵੇਗੀ। ਮੌਖਿਕ ਇਤਿਹਾਸਕਾਰੀ (ਓਰਲ ਹਿਸਟਰੀ) ਦੇ ਅਸੂਲ ਮੁਤਾਬਕ ਚਲੋ ਮੰਨ ਲੈਂਦੇ ਹਾਂ ਕਿ ਇਹ ਮੁਲਾਕਾਤ ਹੋਈ ਹੋਵੇਗੀ। ਇਹ ਬਿਲਕੁਲ ਸੰਭਵ ਹੈ ਕਿ ਆਪਣੀ ਧਾਰਮਿਕ ਆਸਥਾ ਅਨੁਸਾਰ ਰਣਧੀਰ ਸਿੰਘ ਨੇ ਭਗਤ ਸਿੰਘ ਨੂੰ ਪੰਜਾ ਕਕਾਰੀ ਹੋਣ ਲਈ ਪ੍ਰੇਰਿਆ ਹੋਵੇਗਾ। ਕਿਸੇ ਨੂੰ ਕਿਸੇ ਗਲ ਲਈ ਪ੍ਰੇਰਨ ਦਾ ਹੱਕ ਹੈ ਅਤੇ ਜਿਹਨੂੰ ਪਰੇਰਿਆ ਗਿਆ ਹੋਵੇ, ਉਹਦਾ ਵੀ ਪੂਰਾ ਹੱਕ ਹੁੰਦਾ ਹੈ ਕਿ ਅਗਲੇ ਦੀ ਗਲ ਮੰਨੇ ਜਾਂ ਭੁੰਞੇ ਪਾ ਦੇਵੇ। ਆਪਸੀ ਵਾਰਤਾਲਾਪ ਦਾ ਜਿੰਨਾ ਵੱਡਾ ਰਣਧੀਰ ਸਿੰਘ ਨੇ ਹਵਾਲਾ ਦਿਤਾ ਹੈ, ਉਹ ਕੋਈ ਵੀਹ ਸਾਲਾਂ ਬਾਅਦ ਵੀ ਇੰਨ ਬਿੰਨ ਯਾਦ ਕਰਕੇ ਲਿਖ ਸਕੇ, ਇਹ ਜਾਣ ਕੇ ਹੈਰਾਨੀ ਤੇ ਸ਼ੰਕਾ ਹੁੰਦੀ ਹੈ।

ਇਹਨਾਂ ਕੱਟੜ ਸਿੱਖਾਂ ਦੇ ਮੰਦਭਾਗਾਂ ਨੂੰ ਅਸੀਂ ਪੰਜ ਸਾਲ ਪਹਿਲਾਂ ਬੜੀ ਮਿਹਨਤ ਨਾਲ ਭਗਤ ਸਿੰਘ ਦਾ ਸਭ ਤੋਂ ਵਧ ਅਹਮ ਲੇਖ "ਮੈਂ ਨਾਸਤਕ ਕਿਉਂ ਹਾਂ" ਲਭ ਲਿਆ ਸੀ। ਪੂਰਬੀ ਪੰਜਾਬ ਅਤੇ ਬਰਤਾਨੀਆਂ ਵਿਚ ਇਸ ਦੀਆਂ ਹਜ਼ਾਰਾਂ ਕਾਪੀਆਂ ਛਪ ਕੇ ਵਿਕ ਚੁਕੀਆਂ ਹਨ। ਰਣਧੀਰ ਸਿੰਘ ਦਾ ਦਾਅਵਾ ਹੈ ਕਿ ਉਹ 4 ਅਕਤੂਬਰ 1930 ਨੂੰ ਭਗਤ ਸਿੰਘ ਨੂੰ ਮਿਲਿਆ ਸੀ। ਮਜ਼ੇਦਾਰ ਗਲ ਹੈ ਕਿ "ਮੈਂ ਨਾਸਤਕ ਕਿਉਂ ਹਾਂ" ਅੰਗਰੇਜ਼ੀ ਵਿਚ ਲਿਖੇ ਲੇਖ ਉਤੇ ਭਗਤ ਸਿੰਘ ਦੇ ਦਸਤਖਤ ਵੀ 4 ਅਕਤੂਬਰ 1930 ਦੇ ਹੀ ਹਨ। ਐਨ ਮੁਮਕਨ ਹੈ ਕਿ ਇਸ ਲੇਖ ਦੇ ਆਖਰੀ ਪਹਿਰੇ ਵਿਚ ਜਿਸ ਪ੍ਰਸੰਗ ਦਾ ਹਵਾਲਾ ਹੈ ਉਹ ਰਣਧੀਰ ਸਿੰਘ ਨਾਲ ਹੋਏ ਬਚਨ-ਬਿਲਾਸ ਹੀ ਹੋਣ ਜੇ ਇਹ ਮੰਨ ਲਈਏ ਤਾਂ ਭਗਤ ਸਿੰਘ ਨੇ ਇਹ ਲੇਖ ਰਣਧੀਰ ਸਿੰਘ ਦੇ ਨਾਲ ਮੁਲਾਕਾਤ ਮਗਰੋਂ ਲਿਖਿਆ ਹੋਵੇਗਾ ਜਾਂ ਪੂਰਾ ਕੀਤਾ ਹੋਵੇਗਾ। ਆਖਰੀ ਪੈਰੇ ਵਿਚ ਭਗਤ ਸਿੰਘ ਲਿਖਦਾ ਹੈ: "ਮੇਰੇ ਕਿਸੇ ਦੋਸਤ ਨੇ ਅਰਦਾਸ ਕਰਨ ਲਈ ਕਿਹਾ, ਜਦ ਮੈਂ ਉਹਨੂੰ ਦਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ: "ਦੇਖੀਂ ਆਪਣੇ ਅਖੀਰੀ ਦਿਨਾਂ 'ਚ ਤੂੰ ਪ੍ਰਮਾਤਮਾ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, "ਨਹੀਂ, ਪਿਆਰੇ ਸ਼੍ਰੀਮਾਨ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ, ਇਸ ਤਰ੍ਹਾਂ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗਲ ਹੋਵੇਗੀ। ਖੁਦਗਰਜ਼ੀ ਵਾਸਤੇ ਅਰਦਾਸ ਮੈਂ ਨਹੀਂ ਕਰਨੀ ਪਾਠਕੋ ਤੇ ਦੋਸਤੋ, ਕੀ ਇਹ ਹਉਮੈ ਹੈ? ਜੇ ਹੈ, ਤਾਂ ਮੈਨੂੰ ਹਉਮੈ ਚੰਗੀ ਲਗਦੀ ਹੈ।"

ਭਗਤ ਸਿੰਘ ਨਾਲ ਮੁਲਾਕਾਤ ਦੇ ਬਿਆਨ ਵਿਚ ਰਣਧੀਰ ਸਿੰਘ ਬੜੇ ਨਾਟਕੀ ਅੰਸ਼ ਪੇਸ਼ ਕਰਦਾ ਹੈ, ਜਿਵੇਂ — "ਭਗਤ ਸਿੰਘ ਬੁੱਤ ਬਣ ਕੇ ਖੜ੍ਹਾ ਰਿਹਾ। ਅਜਿਹਾ ਪ੍ਰਤੀਤ ਹੁੰਦਾ ਸੀ ਅੰਦਰ ਕਿਸੇ ਧੂ ਨੇ ਖਿੱਚ ਪਾਈ ਹੈ, ਕੁਝ ਉਸਨੂੰ ਸਰੀਰਕ ਬੁਧਸੁਧ ਨਹੀ ਰਹੀ ਤੇ ਆਤਮਾ ਉਚੇ ਮੰਡਲਾ ਵਿਚ ਪਹੁੰਚ ਗਈ।.......... ਮੈਂ ਉਸਨੂੰ ਹਲੂਣਾ ਦਿਤਾ ਅਤੇ ਖੜ੍ਹਾ ਕੀਤਾ। ਉਸ ਦੇ ਮੁੱਖ ਤੇ ਨਵਾਂ ਪ੍ਰਕਾਸ਼ ਸੀ।" ਇਸਤੋਂ ਬਾਦ ਭਗਤ ਸਿੰਘ ਫੇਰ ਬੇਸੁਧ ਹੋ ਗਿਆ। ਇਹ ਸਭ ਅੰਦਰਮੁਖੀ ਗਲਾਂ ਹਨ। ਇਹਦਾ ਕੋਈ ਸਬੂਤ ਨਹੀਂ ਹੋ ਸਕਦਾ। ਭਗਤ ਸਿੰਘ ਵਿਚ ਐਨੀ ਕੁ ਤਾਂ ਬੌਧਿਕ ਦਿਆਨਤਦਾਰੀ ਸੀ ਕਿ ਜੇ ਉਹ ਆਸਤਕ ਹੋ ਗਿਆ, ਤਾਂ ਉਹਨੂੰ "ਮੈਂ ਨਾਸਤਕ ਕਿਉਂ ਹਾਂ" ਰਣਧੀਰ ਸਿੰਘ ਨੂੰ ਮਿਲਣ ਮਗਰੋਂ ਲਿਖਣ ਦੀ ਕੀ ਜ਼ਰੂਰਤ ਸੀ। ਉਹ ਆਪਣੀ ਜ਼ਮੀਰ ਤੋਂ ਛੁੱਟ ਹੋਰ ਕਿਸੇ ਅੱਗੇ ਜਵਾਬਦੇਹ ਨਹੀਂ ਸੀ ਹੋ ਸਕਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਤ ਸਿੰਘ ਗਦਰ ਲਹਿਰ ਦੇ ਬਜ਼ੁਰਗ ਦੇਸ਼ ਭਗਤਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹੁੰਦਾ ਸੀ, ਭਾਵੇਂ ਉਹ ਸਿੱਖ ਸਨ, ਮੁਸਲਮਾਨ ਜਾਂ ਹਿੰਦੂ। ਉਸ ਲਿਹਾਜ਼ ਨਾਲ ਅਸੀਂ ਰਣਧੀਰ ਸਿੰਘ ਦਾ ਵੀ ਓਨਾਂ ਹੀ ਸਤਿਕਾਰ ਕਰਦੇ ਹਾਂ। ਪਰ ਰਣਧੀਰ ਸਿੰਘ ਦੀ ਇਨਸਾਨ ਪ੍ਰਸਤੀ ਤੇ ਸ਼ੱਕ ਹੋਣ ਲਗਦੀ ਹੈ, ਜਦ ਉਹ ਭਗਤ ਸਿੰਘ ਦੇ ਮੂੰਹ ਵਿਚ ਇਹ ਸ਼ਬਦ ਪਾਉਂਦਾ ਹੈ ਕਿ "ਅਧਰਮੀ" ਲੋਕਾਂ ਦੀ ਸੰਗਤ (ਯਾਨੀ ਆਪਣੇ ਸਾਥੀਆਂ) ਕਾਰਣ ਉਹਨੂੰ ਦਾਹੜੀ ਕੇਸ ਕਟਵਾਉਣੇ ਪਏ ਸਨ। ਫੇਰ ਫ਼ਿਰਕਾਪ੍ਰਸਤੀ ਦਾ ਰੰਗ ਵੀ ਉਘੜਦਾ ਹੈ। ਜਦ ਭਗਤ ਸਿੰਘ ਦੇ ਮੂੰਹੋਂ ਇਹ ਅਖਵਾਇਆ ਗਿਆ ਕਿ ਉਹਦੇ ਮੋਨੇ ਹੋਣ ਕਾਰਨ ਹੀ ਗ਼ੈਰ ਸਿੱਖ ਪਰੈਸ (ਸਾਫ਼ ਇਸ਼ਾਰਾ ਹਿੰਦੂ ਪ੍ਰੈਸ ਵਲ ਹੈ) ਨੇ ਉਹਦਾ ਵਧ ਤੋਂ ਵਧ ਪ੍ਰਚਾਰ ਕੀਤਾ ਹੈ। ਇਥੇ ਤੁਸੀਂ ਆਪ ਅੰਦਾਜ਼ਾ ਲਾਉ ਕਿ "ਸਿੱਖ" ਪ੍ਰੈਸ ਨੇ ਭਗਤ ਸਿੰਘ ਦਾ ਪ੍ਰਚਾਰ ਕਿਉਂ ਨਹੀਂ ਸੀ ਕੀਤਾ?!

ਗ਼ਦਰ ਲਹਿਰ ਵਿਚ ਸਿੱਖ, ਹਿੰਦੂ, ਮੁਸਲਮਾਨ ਸਭ ਸ਼ਾਮਲ ਸਨ। ਪਰ ਇਹ ਲਹਿਰ ਫ਼ਿਰਕਾਪ੍ਰਸਤ ਬਿਲਕੁਲ ਨਹੀਂ ਸੀ। 'ਗਦਰ ਦੀ ਗੂੰਜ' ਦੀਆਂ ਕਵਿਤਾਵਾਂ ਗਦਰ ਲਹਿਰ ਦੇ ਮਾਨਵਵਾਦ ਦਾ ਸ਼ੀਸ਼ਾ ਹਨ। ਇਹ ਲੋਕ ਧਾਰਮਿਕ ਸਨ, ਤੇ ਧਰਮ ਉਹਨਾਂ ਵਾਸਤੇ ਜਦੋ ਜਹਿਦ ਲਈ ਪ੍ਰੇਰਣਾ ਦਾ ਸੋਮਾ ਸੀ। ਉਹਨਾਂ ਦੀ ਅੰਦਰੂਨੀ ਤਾਕਤ ਦਾ ਸੋਮਾ ਸੀ। ਕੱਟੜ ਫਿਰਕਾਪ੍ਰਸਤਾਂ ਦੀ ਮਾੜੀ ਕਿਸਮਤ ਨੂੰ ਅਸੀਂ ਭਗਤ ਸਿੰਘ ਦਾ 1928 ਵਿਚ ਧਰਮ ਵਿਰੁਧ ਲਿਖਿਆ ਇਕ ਹੋਰ ਲੇਖ "ਧਰਮਵਾਰ ਤੇ ਉਹਨਾਂ ਦੇ ਇਲਾਜ" ਵੀ ਲਭ ਲਿਆ ਹੈ। ਪੰਜਾਬੀ ਵਿਚ ਲਿਖੇ ਲੇਖ ਵਿਚ ਭਗਤ ਸਿੰਘ ਇਹ ਕਹਿੰਦਾ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਅਲੱਗ ਕਰ ਦੇਣਾ ਚਾਹੀਦਾ ਹੈ। ਅਖੀਰ 'ਚ ਉਹ ਲਿਖਦਾ ਹੈ: "1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਆਪਣਾ ਵੱਖਰਾ ਕਰਤੱਵ ਹੈ ਤੇ ਇਸ ਵਿਚ ਦੂਜੇ ਦਾ ਕੋਈ ਦਖਲ ਨਹੀਂ। ਨਾ ਹੀ ਇਸਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਸਾਂਝੇ (ਨੂੰ) ਇਕ ਥਾਂ ਮਿਲਾ ਕੇ ਕੰਮ ਨਹੀਂ ਕਰਨ ਦੇਂਦਾ ਹੈ।

ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿਚ ਵੀ ਇਕਮੁਠ ਤੇ ਇਕ ਜਾਨ ਰਹੇ ਸਨ ਤੇ ਜਿਥੇ ਸਿੱਖ ਵਧ ਵਧ ਕੇ ਫਾਂਸੀਆਂ ਤੇ ਟੰਗੇ ਗਏ ਸਨ, ਉਥੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ।"('ਸੁਰਖ਼ ਰੇਖਾ' 31 ਮਾਰਚ 1985 )

ਭਗਤ ਸਿੰਘ ਦੇ ਪਰਿਵਾਰ ਵਿਚ ਆਰੀਆ ਸਮਾਜ ਦਾ ਵੀ ਅਸਰ ਸੀ। ਭਗਤ ਸਿੰਘ ਦੀਆਂ ਬਚਪਨ ਵਿਚ ਲਿਖੀਆਂ ਚਿਠੀਆਂ ਦੇ ਸ਼ੁਰੂ ਵਿਚ 'ਓਮ' ਵੀ ਲਿਖਿਆ ਮਿਲਦਾ ਹੈ ਤੇ '੧ਓ' ਵੀ। ਲਾਹੌਰ ਡੀ ਏ ਵੀ ਸਕੂਲ ਵਿਚ ਪੜ੍ਹਦਿਆਂ ਭਗਤ ਸਿੰਘ ਸਵੇਰ ਸ਼ਾਮ ਵੇਦਿਕ ਮੰਤਰਾਂ ਦਾ ਜਾਪ ਵੀ ਕਰਦਾ ਰਿਹਾ। ਬਚਪਨ ਵਿਚ ਇਹਦੇ ਭੱਦਣ ( ਮੁੰਡਨ ) ਵੀ ਹੋਏ ਸਨ। ਫੇਰ ਏਹਨੇ ਕੇਸ ਵੀ ਰੱਖੇ ਅਤੇ ਪੱਗ ਵੀ ਬੰਨੀ। ਇਹ ਸਭ ਕੁਝ ਉਹਨਾਂ ਪੰਜਾਬੀਆਂ ਦੇ ਘਰਾਂ ਵਿਚ ਹੁੰਦਾ ਹੈ, ਜਿਹੜੇ ਕੱਟੜ ਜਾਂ ਫਿਰਕਾਪ੍ਰਸਤ ਨਹੀਂ ਹਨ। ਸਿੱਖੀ ਰੂਪ ਸਰੂਪ ਤਾਂ ਹਰ ਬੰਦੇ ਦਾ ਜ਼ਾਤੀ ਮਸਲ੍ਹਾ ਹੈ। ਗ਼ਦਰ ਲਹਿਰ ਦੇ ਤਕਰੀਬਨ ਸਾਰੇ ਬਾਬੇ ਅੰਤ ਤਕ ਸਿੱਖੀ ਸਰੂਪ ਵਿਚ ਰਹੇ। ਗ਼ਦਰੀ ਆਗੂ ਭਾਈ ਸੰਤੋਖ ਸਿੰਘ ਨੇ ਰੂਸ ਤੋਂ ਕਮਿਊਨਿਸਟ ਸਿਖਲਾਈ ਲੈ ਕੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੂੰ ਆਪਣਾ ਅੱਡਾ ਬਣਾਇਆ ਅਤੇ ਜਦ ਉਹਨਾਂ ਨੇ "ਕਿਰਤੀ" ਪਰਚਾ ਸ਼ੁਰੂ ਕੀਤਾ, ਤਾਂ ਬਾਬੇ ਦੀ ਆਸ਼ੀਰਵਾਦ ਲੈਣ ਹਰਿਮੰਦਰ ਸਾਹਿਬ ਵੀ ਗਏ। ਜਥੇਦਾਰ ਹਰਦਿਤ ਸਿੰਘ ਭੱਠਲ ਕਮਿਊਨਿਸਟ ਪਾਰਟੀ ਦਾ ਆਗੂ ਵੀ ਸੀ, ਪਰ ਉਸਨੇ ਅੰਤਲੇ ਸਾਹਾਂ ਤਕ ਕਿਰਪਾਨ ਪਾਈ ਰੱਖੀ ਤੇ ਉਹ ਗੁਰਬਾਣੀ ਦਾ ਪੂਰਾ ਨਿਤਨੇਮੀ ਵੀ ਸੀ। ਅਸੀਂ ਇਹਨਾਂ ਸਾਰੇ ਬਜ਼ੁਰਗਾਂ ਦਾ ਪੂਰਾ ਆਦਰ ਮਾਨ ਕਰਦੇ ਹਾਂ। ਜੇ ਉਹ ਨਾ ਹੁੰਦੇ, ਤਾਂ ਅੱਜ ਅਸੀਂ ਜੋ ਹਾਂ ਉਹ ਨਹੀਂ ਸੀ ਹੋਣਾ। ਧਰਮ ਨੇ ਇਤਿਹਾਸ ਵਿਚ ਅਗਾਂਹਵਧੂ ਰੋਲ ਵੀ ਅਦਾ ਕੀਤਾ ਹੈ ਕਾਰਲ ਮਾਰਕਸ ਦਾ ਇਹ ਕਥਨ ਕਿ "ਧਰਮ ਲੋਕਾਂ ਦੀ ਅਫੀਮ ਹੈ" ਹਮੇਸ਼ਾਂ ਹੀ ਪ੍ਰਸੰਗ ਤੋਂ ਬਿਨਾ ਪੇਸ਼ ਕੀਤਾ ਜਾਂਦਾ ਹੈ। ਦਰਅਸਲ ਮਾਰਕਸ ਦਾ ਕਥਨ ਸੀ ਕਿ "ਧਰਮ ਤਾਂ ਦਲਿਤ ਪ੍ਰਾਣੀ ਦਾ ਹਉਕਾ ਹੈ। ਬੇਦਿਲ ਦਾ ਦਿਲ ਹੈ। ਬੇਜਾਨ ਦੀ ਜਾਨ ਹੈ। ਧਰਮ ਲੋਕਾਂ ਦੀ ਅਫੀਮ ਹੈ। ਇਹ ਉਹਨਾਂ ਦੀ ਖੁਸ਼ੀ ਦਾ ਭੁਲਾਵਾ ਹੈ।" ਧਰਮ ਜਾਂ ਧਾਰਮਕ ਬੰਦੇ ਤੋਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ, ਜੇ ਉਹ ਲਹੂ ਪੀਣੇ ਸਰਮਾਏਦਾਰਾਂ, ਜਾਗੀਰਦਾਰਾਂ, ਸਾਮਰਾਜੀਆਂ ਵਿਰੁਧ ਡਟ ਕੇ ਜੂਝਦਾ ਹੈ। ਵੀਅਤਨਾਮ, ਲੰਕਾ ਵਿਚ ਬੋਧੀ ਸੰਤਾਂ ਦਾ ਸ਼ਾਨਦਾਰ ਰੋਲ ਸਾਡੇ ਸਾਹਮਣੇ ਹੈ। ਅੱਜ ਲਾਤੀਨੀ ਅਮਰੀਕਾ ਵਿਚ ਰੈਡੀਕਲ ਚਰਚ ਵਾਲੇ ਈਸਾਈ ਕਮਿਊਨਿਸਟਾਂ ਦੇ ਨਾਲ ਰਲ ਕੇ ਅਮਰੀਕੀ ਸਾਮਰਾਜ ਵਿਰੁਧ ਡਟ ਕੇ ਲੜ ਰਹੇ ਹਨ। ਧਰਮ ਮਾੜਾ ਤਦ ਹੈ, ਜਦ ਇਹ ਲੋਕਾਂ ਨੂੰ ਕਾਫ਼ਰ, ਮਲੇਛ ਤੇ ਨਾਸਤਕ "ਨਰਕਧਾਰੀ" ਆਖ ਕੇ ਬੱਸਾਂ ਵਿਚ ਘਰਾਂ ਵਿਚ, ਗੱਡੀਆਂ ਵਿਚ ਵਹਸ਼ੀਆਨਾ ਤਰੀਕੇ ਨਾਲ ਕਤਲ ਕਰਨ ਤੇ ਉਤਰ ਆਉਂਦਾ ਹੈ। ਧਰਮ ਮਾੜਾ ਤਦ ਹੈ, ਜਦ ਇਹ ਔਰੰਗਜ਼ੇਬ ਬਣਦਾ ਹੈ ਗੋਲਵਾਲਕਰ ਬਣਦਾ ਹੈ, ਜਾਂ ਨਾਂ ਅੱਗੇ ਸੰਤ ਲਾ ਕੇ ਧੋਤੀ ਟੋਪੀ ਜਮਨਾ ਪਾਰ ਕਰਨ ਵਰਗੇ ਨਾਹਰੇ ਦਿੰਦਾ ਹੈ। ਜਦ ਇਹ ਇਤਿਹਾਸ ਦਾ ਪਹੀਆ ਪਿਛਾਂਹ ਮੋੜਣ ਦੀ ਕੋਸ਼ਿਸ਼ ਕਰਦਾ ਹੈ।

ਗੁਰਚਰਨ ਸਿੰਘ ਖਾਲਸਾ ਉਰਫ਼ ਜਰਨਲਿਸਟ ਦੇ ਸਾਰੇ ਲੇਖ ਦੀ ਦਲੀਲ ਹੈ ਕਿ ਇਹ ਲੋਕ ਗ਼ੈਰ ਸਿੱਖ ਕੌਮੀ ਸ਼ਹੀਦਾਂ ਅਤੇ ਯੋਧਿਆਂ ਨੂੰ ਨਕਸ਼ਤ ਕਰ ਦੇ ਹਨ। ਇਹਨਾਂ ਵਾਸਤੇ ਪਤਿੱਤ ਕਰਤਾਰ ਸਿੰਘ ਸਰਾਭੇ ਅਤੇ ਊਧਮ ਸਿੰਘ ਦੀ ਕੋਈ ਵੁਕਤ ਨਹੀਂ, ਕਿਉਂਕਿ ਫਾਂਸੀ ਤੋਂ ਪਹਿਲਾਂ ਉਹਨਾਂ ਨੂੰ ਕੋਈ ਰਣਧੀਰ ਸਿੰਘ ਵਰਗਾ ਬੰਦਾ ਨਹੀਂ ਸੀ ਮਿਲਿਆ। "ਇਹਨਾਂ" ਦੇ ਹੀ ਅਕਾਲ ਤਖਤ ਤੋਂ ਗ਼ਦਰੀ ਸੂਰਮਿਆਂ ਵਿਰੁਧ ਹੁਕਮਨਾਮਾ ਜਾਰੀ ਹੋਇਆ ਸੀ ਕਿ ਉਹ ਸਿੱਖੀ ਤੋਂ ਛੇਕੇ ਜਾਂਦੇ ਹਨ। ਇਹਨਾਂ ਦੇ ਹੀ ਗ੍ਰੰਥੀਆਂ ਨੇ ਡਾਇਰ ਨੂੰ ਦਰਬਾਰ ਸਾਹਿਬ ਵਿਚ ਸਿਰੋਪਾ ਦਿਤਾ ਸੀ। ਏਸ ਗਲ ਦਾ ਇਹ ਕੱਟੜ ਜਨੂੰਨੀ ਇਹ ਜਵਾਬ ਦੇ ਸਕਦੇ ਹਨ ਅਕਾਲ ਤਖਤ ਤੋਂ ਗ਼ਦਰੀ ਯੋਧਿਆਂ ਵਿਰੁਧ ਹੁਕਮਨਾਮਾ ਜਾਰੀ ਕਰਨ ਵਾਲੇ ਤੇ ਡਾਇਰ ਨੂੰ ਦਰਬਾਰ ਸਾਹਿਬ ਸੱਦ ਕੇ ਸਿਰੋਪਾ ਦੇਣ ਵਾਲੇ "ਅਸਲੀ ਸਿੱਖ" ਨਹੀਂ ਸਨ। ਪਰ ਖ਼ਾਲਸਾ ਜੀ, ਤੁਸੀਂ ਇਹ ਤਾਂ ਨਹੀਂ ਆਖ ਸਕਦੇ ਕਿ ਉਹ ਕਰਤਾਰੀ ਨੁਹਾਰ ਵਾਲੇ ਨਹੀਂ ਸਨ, ਉਨ੍ਹਾਂ ਦਾ ਰੂਪ ਸਰੂਪ ਸਿੱਖਾਂ ਵਾਲਾ ਨਹੀਂ ਸੀ। ਪਰ ਇਕ ਗੱਲ ਪੱਕੀ ਹੈ ਕਿ ਉਹ ਇਨਸਾਨ ਨਹੀਂ ਸਨ,। ਤੇ ਜ਼ਰੂਰੀ ਨਹੀਂ ਕਿ ਇਨਸਾਨ ਸਿਰਫ਼ ਸਿੱਖੀ ਸਰੂਪ ਵਾਲਾ ਹੀ ਹੁੰਦਾ ਹੈ। ● (U.K.)

## ਵਿਸ਼ਵ ਪੰਜਾਬੀ ਕਾਨਫਰੰਸ-86 ਦੇ ਨਾਂ ਸੁਨੇਹਾ

ਅਸੀਂ, 25 ਤੋਂ 28 ਅਪਰੈਲ 86 ਤੱਕ, ਲਾਹੌਰ (ਪਾਕਿਸਤਾਨ) ਵਿੱਚ ਹੋ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਇਹ ਸੁਨੇਹਾ ਭੇਜਣ ਦੀ ਖ਼ੁਸ਼ੀ ਲੈ ਰਹੇ ਹਾਂ।

ਵਿਸ਼ਵ ਪੰਜਾਬੀ ਸੰਮੇਲਨਾਂ ਅਤੇ ਕਾਨਫਰੰਸਾਂ ਦੇ ਸੰਬੰਧ ਵਿੱਚ ਸਾਡੀਆਂ ਹਮੇਸ਼ਾਂ ਹੇਠ ਲਿਖੀਆਂ ਦ੍ਰਿੜ੍ਹ ਧਾਰਨਾਵਾਂ ਰਹੀਆਂ ਹਨ:

1. ਵਿਸ਼ਵ ਪੱਧਰ ਦੇ ਅਜਿਹੇ ਇਕੱਠ ਹਮੇਸ਼ਾਂ ਹਿੰਦੁਸਤਾਨ ਅਤੇ ਪਾਕਿਸਤਾਨ ਵਿੱਚ ਹੀ ਹੋਣੇ ਚਾਹੀਦੇ ਹਨ ਤਾਂ ਕਿ ਵੱਧ ਤੋਂ ਵੱਧ ਪੰਜਾਬੀ ਇਨ੍ਹਾਂ ਵਿੱਚ ਭਾਗ ਲੈ ਸਕਣ।
2. ਅਜਿਹੇ ਇਕੱਠ ਸਰਕਾਰੀ, ਦਰਬਾਰੀ ਅਤੇ ਵਿਉਪਾਰੀ ਦਖ਼ਲ-ਅੰਦਾਜ਼ੀ ਤੋਂ ਮੁਕਤ ਹੋਣੇ ਚਾਹੀਦੇ ਹਨ।

ਅਸੀਂ ਮਹਿਸੂਸ ਕਰਦੇ ਹਾਂ ਕਿ ਪੰਜਾਬੀਅਤ ਅੱਜਕਲ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਪਾਕਿਸਤਾਨ ਦੇ ਪੰਜਾਬੀਆਂ ਨੂੰ ਜਿੱਥੇ ਬੇਗਾਨਗੀ ਦੀਆਂ ਸਮੱਸਿਆਵਾਂ ਪੇਸ਼ ਆ ਰਹੀਆਂ ਹਨ, ਉੱਥੇ ਹਿੰਦੁਸਤਾਨ ਦੇ ਪੰਜਾਬੀਆਂ ਨੂੰ ਫ਼ਿਰਕੂ-ਜਨੂੰਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਨੂੰ ਉਮੀਦ ਹੈ ਕਿ ਇਹ ਕਾਨਫਰੰਸ, ਇਨ੍ਹਾਂ ਮਸਲਿਆਂ ਬਾਰੇ ਅਤੇ ਪੰਜਾਬੀ ਭਾਸ਼ਾ, ਸਾਹਿੱਤ ਅਤੇ ਸੱਭਿਆਚਾਰ ਨਾਲ ਸੰਬੰਧਤ ਹੋਰ ਮਸਲਿਆਂ ਬਾਰੇ, ਪੰਜਾਬੀਆਂ ਨੂੰ ਸਿਹਤਮੰਦ ਅਤੇ ਉਸਾਰੂ ਰਾਹਨੁਮਾਈ ਦੇਣ ਵਾਲੇ ਸਾਰਥਕ ਨਿਰਣੇ ਪੇਸ਼ ਕਰੇਗੀ।

ਇਸ ਆਸ ਨਾਲ 'ਵਤਨੋਂ ਦੂਰ' ਦੇ ਮਿਹਨਤਕਸ਼, ਵਿਸ਼ਵ ਪੰਜਾਬੀ ਕਾਨਫਰੰਸ-86 ਨੂੰ ਨਿੱਘੀਆਂ ਸ਼ੁਭ-ਇੱਛਾਵਾਂ ਭੇਜਦੇ ਹਨ।

15 ਅਪਰੈਲ 86

– ਅਦਾਰਾ ਵਤਨੋਂ ਦੂਰ
ਐਡਮਿੰਟਨ / ਵੈਨਕੂਵਰ
(ਕੈਨੇਡਾ)

●

# ਮਜ਼ਹਬ ਅਤੇ ਸਾਡੀ ਆਜ਼ਾਦੀ ਦੀ ਜੰਗ

## ਸ਼ਹੀਦ ਭਗਤ ਸਿੰਘ ਤੇ ਸਾਥੀ

•

ਅਪਰੈਲ 1928 ਵਿੱਚ ਅੰਮ੍ਰਿਤਸਰ ਵਿੱਚ ਇੱਕ ਰਾਜਨੀਤਕ ਕਾਨਫਰੰਸ ਅਤੇ ਨੌਜਵਾਨ ਭਾਰਤ ਸਭਾ ਦਾ ਕਾਨਫਰੰਸ ਹੋਈ, ਜਿਸ ਵਿੱਚ ਉੱਠੇ ਮਜ਼ਹਬ ਦੇ ਮਸਲੇ 'ਤੇ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਨੇ ਵਿਚਾਰ ਇਸ ਲੇਖ ਵਿੱਚ ਪਰਗਟਾਏ।

ਇਹ ਲੇਖ ਮਈ 1928 ਦੇ 'ਕਿਰਤੀ' ਵਿੱਚ ਛਪਿਆ ਸੀ।

ਅਪਰੈਲ 1928 ਵਿੱਚ ਹੀ ਨੌਜਵਾਨ ਭਾਰਤ ਸਭਾ ਦਾ ਮਨੋਰਥ-ਪੱਤਰ ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ ਲਿਖਿਆ ਸੀ ਜਿਸ ਵਿੱਚ ਫ਼ਿਰਕਾਪ੍ਰਸਤੀ ਬਾਰੇ ਕੁਝ ਬਹੁਤ ਹੀ ਠੋਸ ਵਿਚਾਰ ਰੱਖੇ ਗਏ ਹਨ।

ਇਹ ਲੇਖ ਅਤੇ ਅਗਲਾ ਲੇਖ 'ਧਰਮਵਾਰ (ਫ਼ਿਰਕੂ) ਫਸਾਦ ਤੇ ਉਹਨਾਂ ਦਾ ਇਲਾਜ' ਜਿੱਥੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਫ਼ਿਰਕਾਪ੍ਰਸਤੀ ਵੱਲ ਸੋਚ ਦੀ ਤਰਜਮਾਨੀ ਕਰਦੇ ਹੋਏ ਉਹਨਾਂ ਬਾਰੇ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨ ਵਿੱਚ ਸਹਾਈ ਹੋ ਸਕਦੇ ਹਨ, ਉੱਥੇ ਅੱਜ ਦੀ ਫ਼ਿਰਕੂ ਸਥਿਤੀ ਵਿੱਚ ਅਗਵਾਈ ਵੀ ਕਰਦੇ ਹਨ।

ਇਹ ਦੋਵੇਂ ਲੇਖ 'ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ' (ਸੰਪਾਦਕ :- ਪ੍ਰੋ: ਜਗਮੋਹਨ ਸਿੰਘ) ਵਿੱਚੋਂ ਲਏ ਗਏ ਹਨ।

•

ਅੰਮ੍ਰਿਤਸਰ ਵਿਚ 11-12-13 ਅਪ੍ਰੈਲ ਨੂੰ ਪੰਜਾਬ ਪੁਲੀਟੀਕਲ ਕਾਨਫਰੰਸ ਹੋਈ ਅਤੇ ਨਾਲ ਹੀ ਨੌਜਵਾਨਾਂ ਦੀ ਕਾਨਫਰੰਸ ਹੋਈ। ਦੋ ਤਿੰਨਾਂ ਸਵਾਲਾਂ ਤੇ ਬੜਾ ਝਗੜਾ ਅਤੇ ਬਹਿਸ ਹੋਈ। ਉਨ੍ਹਾਂ ਵਿਚੋਂ ਇਕ ਸਵਾਲ ਮਜ਼ਹਬ ਦਾ ਭੀ ਸੀ। ਉਂਝ ਤਾਂ ਮਜ਼ਹਬ ਦਾ ਕੋਈ ਸਵਾਲ ਨਾ ਉੱਠਦਾ, ਪਰ ਫਿਰਕੇਵਾਰਾਨਾ ਜਥੇਬੰਦੀਆਂ ਦੇ ਵਿਰੁਧ ਪ੍ਰਸਤਾਵ ਪੇਸ਼ ਹੋਇਆ ਤੇ ਮਜ਼ਹਬ ਦੇ ਬਹਾਨੇ ਉਹਨਾਂ ਜਥੇਬੰਦੀਆਂ ਦਾ ਪੱਖ ਲੈਣ ਵਾਲਿਆਂ ਨੇ ਆਪਣਾ ਆਪ ਬਚਾਉਣਾ ਚਾਹਿਆ। ਉਂਝ ਤਾਂ ਇਹ ਸਵਾਲ ਹੋਰ ਕੁਝ ਚਿਰ ਦਬਿਆ ਰਹਿੰਦਾ, ਪਰ ਇਸ ਤਰ੍ਹਾਂ ਸਾਹਮਣੇ ਆ ਜਾਣ ਪੁਰ ਖੁਲ੍ਹਮ ਖੁਲ੍ਹਾ ਗੱਲਾਂ ਹੋ ਗਈਆਂ ਅਤੇ ਮਜ਼ਹਬ ਦੀ ਸਮੱਸਿਆ ਦੇ ਹੱਲ ਦਾ ਵਿਚਾਰ ਭੀ ਉੱਠਿਆ। ਪ੍ਰਾਵਿੰਸ਼ੀਅਲ ਕਾਨਫਰੰਸ ਦੀ ਸਬਜੈਕਟ ਕਮੇਟੀ ਵਿਚ ਭੀ ਮੌਲਾਨਾ ਜ਼ਫਰ ਅਲੀ ਸਾਹਿਬ ਦੇ ਪੰਜ ਸਤ ਕੁ ਵੇਰਾਂ ਖੁਦਾ ਖੁਦਾ ਕਰਨ ਪੁਰ ਪੰਡਿਤ ਜਵਾਹਿਰ ਲਾਲ ਪਰਧਾਨ ਹੋਰਾਂ ਕਿਹਾ ਕਿ ਇਸ ਸਟੇਜ ਤੇ ਆ ਕੇ ਖੁਦਾ ਖੁਦਾ ਨਾ ਕਰੋ। ਤੁਸੀਂ ਮਜ਼ਹਬ (Religion) ਦੇ ਮਿਸ਼ਨਰੀ ਹੋ ਤਾਂ ਮੈਂ ਲਾਮਜ਼ਹਬੀਅਤ (Irreligion) ਦਾ ਪ੍ਰਚਾਰਕ ਹਾਂ। ਬਾਦ ਵਿਚ ਲਾਹੌਰ ਭੀ, ਨੌਜਵਾਨ ਭਾਰਤ ਸਭਾ ਲਾਹੌਰ ਨੇ ਇਕ ਜਲਸਾ ਇਸੇ ਮਜ਼ਮੂਨ ਉੱਤੇ ਕੀਤਾ। ਕਈ ਲੈਕਚਰ ਬੋਲੇ ਅਤੇ ਮਜ਼ਹਬ ਦੇ ਨਾਮ ਦਾ ਲਾਭ ਉਠੌਣ ਵਾਲੇ ਤੇ ਇਸ ਸਵਾਲ ਦੇ ਉਠਣ ਤੇ ਝਗੜੇ ਹੋ ਜਾਣ ਤੋਂ ਡਰਨ ਵਾਲੇ ਸਜਣਾਂ ਨੇ ਕਈ ਤਰ੍ਹਾਂ ਦੀਆਂ ਨੇਕ ਸਲਾਹਵਾਂ ਦਿੱਤੀਆਂ।

ਸਭ ਤੋਂ ਜ਼ਿਆਦਾ ਗੱਲ ਜੋ ਬਾਰ ਬਾਰ ਕਹੀ ਗਈ ਹੈ ਅਤੇ ਜਿਸ ਤੇ ਸ੍ਰੀ ਮਾਨ ਭਾਈ ਅਮਰ ਸਿੰਘ ਜੀ ਝਬਾਲ ਨੇ ਖਾਸ ਜ਼ੋਰ ਦਿੱਤਾ, ਉਹ ਇਹ ਸੀ ਕਿ ਮਜ਼ਹਬ ਦੇ ਸਵਾਲ ਨੂੰ ਛੇੜਿਆ ਹੀ ਨਾ ਜਾਵੇ। ਬੜੀ ਨੇਕ ਸਲਾਹ ਹੈ। ਜੇ ਕਿਸੇ ਦਾ ਮਜ਼ਹਬ ਬਾਹਿਰ ਲੋਕਾਂ ਦੇ ਸੁਖ ਅਮਨ ਵਿਚ ਕੋਈ ਰੁਕਾਵਟ ਨਾ ਪੌਂਦਾ ਹੋਵੇ ਤਾਂ ਕਿਸੇ ਨੂੰ ਭੀ ਉਸ ਦੇ ਵਿਰੁੱਧ ਆਵਾਜ਼ ਉਠੌਣ ਦੀ ਕੀ ਲੋੜ ਹੋ ਸਕਦੀ ਹੈ? ਪਰ ਸਵਾਲ ਤਾਂ ਇਹ ਹੈ ਕਿ ਹੁਣ ਤੀਕ ਦਾ ਤਜ਼ਰਬਾ ਕੀ ਦਸਦਾ ਹੈ। ਪਿਛਲੀ ਤਹਿਰੀਕ ਵਿਚ ਭੀ ਮਜ਼ਬ ਦਾ ਇਹੀ ਸਵਾਲ ਪੈਦਾ ਹੋਇਆ ਤੇ ਹਰ ਇਕ ਨੂੰ ਪੂਰਨ ਅਜ਼ਾਦੀ ਦੇ ਦਿੱਤੀ ਗਈ, ਇਥੇ ਤੀਕ ਕਿ ਕਾਂਗਰਸ ਸਟੇਜ ਪੁਰ ਭੀ ਆਯਤਾਂ ਤੇ ਮੰਤ੍ਰ ਪੜ੍ਹੇ ਜਾਣ ਲੱਗ ਪਏ। ਉਨਾਂ ਦਿਨਾਂ ਵਿਚ ਕੋਈ ਭੀ ਮਜ਼ਹਬ ਵਿਚ ਪਿੱਛੇ ਰਹਿਣ ਵਾਲਾ ਆਦਮੀ ਚੰਗਾ ਨਹੀਂ ਸੀ ਸਮਝਿਆ ਜਾਂਦਾ। ਸਗੋਂ ਤਅੱਸੁਬ ਵੱਧਣ ਲੱਗ ਪਿਆ।

ਜੋ ਭੈੜਾ ਨਤੀਜਾ ਹੋਇਆ, ਉਹ ਕਿਸ ਤੋਂ ਲੁਕਿਆ ਹੋਇਆ ਹੈ? ਹੁਣ ਕੌਮ ਪ੍ਰਸਤ ਯਾਂ ਅਜ਼ਾਦੀ-ਪਸੰਦ ਲੋਕੀਂ ਮਜ਼ਹਬ ਦੀ ਅਸਲੀਅਤ ਸਮਝ ਗਏ ਹਨ ਅਤੇ ਓਹੋ ਉਸ ਨੂੰ ਆਪਣੇ ਰਸਤੇ ਦਾ ਰੋੜਾ ਸਮਝਦੇ ਹਨ।

ਗੱਲ ਇਹ ਹੈ ਕਿ ਕੀ ਮਜ਼ਹਬ ਘਰ ਵਿਚ ਰੱਖਦਿਆਂ ਹੋਇਆਂ ਲੋਕਾਂ ਦੇ ਦਿਲਾਂ ਵਿੱਚ ਭੇਦ ਭਾਵ ਤੇ ਨਹੀਂ ਪੈਂਦਾ? ਕੀ ਉਸ ਦਾ ਦੇਸ਼ ਦੀ ਪੂਰਨ ਆਜ਼ਾਦੀ ਤੀਕ ਪੁੱਜਣ ਵਿਚ ਕੋਈ ਅਸਰ ਤੇ ਨਹੀਂ ਪੈਂਦਾ? ਇਸ ਸਮੇਂ ਪੂਰਨ ਆਜ਼ਾਦੀ ਦੇ ਉਪਾਸ਼ਕ ਸੱਜਣ ਮਜ਼ਹਬ ਨੂੰ (Mental Slavery) ਯਾ ਦਿਮਾਗੀ ਗੁਲਾਮੀ ਦਾ ਨਾਮ ਦੇਂਦੇ ਹਨ। ਉਹ ਤੇ ਇਹ ਕੈਂਹਦੇ ਹਨ ਕਿ ਬੱਚੇ ਨੂੰ ਇਹ ਦਸਣਾ ਕਿ ਰੱਬ ਹੀ ਸਰਬ ਸ਼ਕਤੀ ਮਾਨ ਹੈ ਤੇ ਬੰਦਾ ਕੁਝ ਭੀ ਨਹੀਂ ਮਿੱਟੀ ਦਾ ਪੁਤਲਾ ਹੈ, ਬੱਚੇ ਨੂੰ ਸਦਾ ਵਾਸਤੇ ਕਮਜ਼ੋਰ ਬਣੌਣਾ ਹੈ। ਉਸਦੇ ਦਿਲ ਦੀ ਤਾਕਤ ਅਤੇ ਉਸ ਦੇ ਆਤਮ-ਵਿਸ਼ਵਾਸ ਦਾ ਭਾਵ ਹੀ ਨਾਸ ਕਰ ਦੇਣਾ ਹੈ: ਪਰ ਏਸ ਗੱਲ ਉਤੇ ਬਹਿਸ ਨਾਂ ਭੀ ਕਰੀਏ ਤੇ ਸਿੱਧੇ ਆਪਣੇ ਪ੍ਰਤੱਖ ਦੋ ਸਵਾਲਾਂ ਉਤੇ ਹੀ ਵਿਚਾਰ ਕਰੀਏ ਤਾਂ ਭੀ ਸਾਨੂੰ ਨਜ਼ਰ ਆਉਂਦਾ ਹੈ ਕਿ ਮਜ਼ਹਬ ਸਾਡੇ ਰਸਤੇ ਵਿਚ ਇਕ ਬੜਾ ਭਾਰੀ ਰੋੜਾ ਹੈ, ਮਸਲਨ ਅਸੀਂ ਚਾਹੁੰਦੇ ਹਾਂ ਕਿ ਸਭੇ ਲੋਕੀਂ ਇਕੋ ਜਿਹੇ ਹਨ। ਉਹਨਾਂ ਵਿਚ ਸਰਮਾਏਦਾਰਾਂ ਦੇ ਉਚ ਨੀਚ ਦੀ ਛੂਤ ਅਛੂਤ ਦੀ ਕੋਈ ਵੰਡ ਨਾ ਰਹਵੇ। ਪਰ ਸਨਾਤਨ ਧਰਮ ਤੇ ਇਸ ਭਿੰਨ ਭੇਦ ਦੇ ਹੱਕ ਵਿਚ ਹੈ। ਬੀਸਵੀਂ ਸਦੀ ਵਿਚ ਭੀ ਪੰਡਤ ਮੌਲਵੀ ਜੀ ਵਰਗੇ ਭੰਗੀ ਦੇ ਮੁੰਡੇ ਕੋਲੋਂ ਹਾਰ ਪੁਆ ਕੇ ਕਪੜਿਆਂ ਸਮੇਤ ਅਸ਼ਨਾਨ ਕਰਦੇ ਹਨ ਅਤੇ ਅਛੂਤਾਂ ਨੂੰ ਜਨੇਊ ਤੀਕ ਦੇਣ ਤੋਂ ਇਨਕਾਰੀ ਹਨ। ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕੇਹਣ ਦੀ ਸੌਂਹ ਖਾ ਲਈਏ ਤਾਂ ਚੁਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖਾਲਫਿਤ ਹੋਵੇਗੀ। ਲੋਕੀਂ ਇਹ ਭੀ ਕੈਂਹਦੇ ਹਨ ਕਿ ਇੰਨਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ। ਬਹੁਤ ਖੂਬ! ਛੂਤ ਅਛੂਤ ਨੂੰ ਜੋ ਸਵਾਮੀ ਦਯਾਨੰਦ ਹੋਰਾਂ ਮਿਟਾਇਆ ਤੇ ਚਾਰ ਵਰਨਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ ਭੇਦ ਤਾਂ ਫਿਰ ਭੀ ਰਹਿ ਗਿਆ। ਗੁਰਦੁਆਰੇ ਵਿਚ ਜਾ ਕੇ ਜੋ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ ਤੇ ਕੀ ਮਤਲਬ ਹੋਵੇਗਾ?

ਮਜ਼ਹਬ ਤੇ ਕਹਿੰਦਾ ਹੈ ਕਿ ਇਸਲਾਮ ਤੇ ਯਕੀਨ ਨਾਂ ਲਿਆਉਣ ਵਾਲੇ ਕਾਫਰ ਤਲਵਾਰ ਦੇ ਘਾਟ ਉਤਾਰ ਦੇਣੇ ਚਾਹੀਦੇ ਹਨ ਤੇ ਇੱਧਰ ਜੇ ਇਤਫਾਕ ਦੀ ਕੂਕ ਪੁਕਾਰ ਮਚਾਈ ਜਾਵੇ ਤੇ

ਨਤੀਜਾ ਕੀ ਹੋਵੇਗਾ ? ਅਸੀਂ ਜਾਣਦੇ ਹਾਂ ਕਿ ਹੁਣੇ ਕਈ ਹੋਰ ਆਯਤਾਂ ਤੇ ਮੰਤ੍ਰ ਬੜੇ ਉੱਚੇ ਭਾਵ ਦੇ ਪੜਕੇ ਖਿੱਚ ਧੂਹ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਪਰ ਸਵਾਲ ਤਾਂ ਇਹ ਹੈ ਕਿ ਏਸ ਸਾਰੇ ਝਗੜੇ ਤੋਂ ਛੁਟਕਾਰਾ ਹੀ ਕਿਉਂ ਨਾ ਪਾਇਆ ਜਾਵੇ। ਮਜ਼ਹਬ ਦਾ ਪਹਾੜ ਤਾਂ ਸਾਨੂੰ ਸਾਹਮਣੇ ਖਲੋਤਾ ਨਜ਼ਰ ਆਉਂਦਾ ਹੈ। ਫਰਜ਼ ਕੀਤਾ ਜਾਵੇ ਕਿ ਭਾਰਤ ਵਿਚ ਆਜ਼ਾਦੀ ਦੀ ਜੰਗ ਛਿੜ ਪਵੇ। ਫੌਜਾਂ ਆਹਮਣੇ ਸਾਹਮਣੇ ਬੰਦੂਕਾਂ ਲਈ ਖਲੋਤੀਆਂ ਹੋਣ, ਗੋਲੀ ਚਲਣ ਹੀ ਵਾਲੀ ਹੋਵੇ ਤੇ ਜੇ ਉਸ ਵੇਲੇ ਮੁਹੰਮਦ ਗੋਰੀ ਵਾਂਗੂ—ਜੈਸਾ ਕਿ ਕਹਾਵਤ ਦਸੀ ਜਾਂਦੀ ਹੈ—ਅੱਜ ਵੀ ਸਾਡੇ ਸਾਹਮਣੇ ਗਾਈਆਂ, ਸੂਰ, ਗਰੰਥ ਸਾਹਬ, ਵੇਦ ਕੁਰਾਨ ਆਦਿ ਚੀਜ਼ਾ ਖੜੀਆਂ ਕਰ ਦਿਤੀਆਂ ਜਾਣ, ਤੇ ਅਸੀਂ ਕੀ ਕਰਾਂਗੇ ? ਜੇ ਤਾਂ ਪੱਕੇ ਮਜ਼ਹਬੀ ਹੋਵਾਂਗੇ, ਤਦ ਤੇ ਆਪਣਾ ਬਿਸਤਰਾ ਬੋਰੀਆ ਲਪੇਟ ਘਰ ਬੈਠ ਜਾਵਾਂਗੇ। ਮਜ਼ਹਬ ਦੇ ਹੁੰਦਿਆਂ ਸੁੰਦਿਆਂ ਤੇ ਹਿੰਦੂ ਜਾਂ ਸਿੱਖ ਗਾਂ, ਤੇ ਮੁਸਲਮਾਨ ਸੂਅਰ ਉਤੇ ਗੋਲੀ ਨਹੀਂ ਚਲਾ ਸਕਦੇ। ਮਜ਼ਹਬ ਦੇ ਬੜੇ ਪੱਕੇ ਬੰਦੇ ਤਾਂ ਉਸ ਵੇਲੇ ਸੋਮਨਾਥ ਦੇ ਕਈ ਹਜ਼ਾਰ ਪਾਂਡਿਆਂ ਵਾਂਗੂ ਠਾਕਰਾਂ ਅੱਗੇ ਲਿਟਦੇ ਰਹਿਣਗੇ। ਦੂਜੇ ਲੋਕੀਂ ਮਜ਼ਹਬ-ਹੀਣ ਯਾ ਲਾਮਜ਼ਹਬ ਕੰਮ ਕਰ ਜਾਣਗੇ ਤੇ ਫਿਰ ਅਸੀਂ ਕਿਸ ਨਤੀਜੇ ਤੇ ਪੁਜਦੇ ਹਾਂ ? ਮਜ਼ਹਬ ਦੇ ਵਿਰੁੱਧ ਹੀ ਸੋਚਣਾ ਪੈਂਦਾ ਹੈ। ਪਰ ਜੇ ਮਜ਼ਹਬ ਦੇ ਪੱਖ ਵਾਲਿਆਂ ਦੀਆਂ ਦਲੀਲਾਂ ਭੀ ਸੋਚੀਆਂ ਜਾਣ, ਤਦ ਭੀ ਉਹ ਇਹ ਹੀ ਕਹਿੰਦੇ ਹਨ ਕਿ ਦੁਨੀਆਂ ਵਿਚ ਹਨੇਰ ਪੈ ਜਾਵੇਗਾ। ਪਾਪ ਵਧ ਜਾਵੇਗਾ। ਬਹੁਤ ਅੱਛਾ, ਇਸੇ ਗੱਲ ਨੂੰ ਲੈ ਲਈਏ।

ਰੂਸੀ ਮਹਾਤਮਾਂ 'ਟਾਲਸਟਾਇ' ਨੇ ਆਪਣੀ ਪੁਸਤਕ (Essay & Letters) ਵਿਚ ਮਜ਼ਹਬ ਤੇ ਬਹਿਸ ਕਰਦਿਆਂ ਹੋਇਆਂ ਉਸ ਦੇ ਤਿੰਨ ਹਿੱਸੇ ਕੀਤੇ ਹਨ।

1. **Essentials of Religion** ਯਾਨੀ ਮਜ਼ਹਬ ਦੀਆਂ ਜ਼ਰੂਰੀ ਗੱਲਾਂ ਕਿ ਸੱਚ ਬੋਲੋ, ਚੋਰੀ ਨਾ ਕਰੋ, ਗਰੀਬਾਂ ਦੀ ਸਹਾਇਤਾ ਕਰੋ, ਪਿਆਰ ਨਾਲ ਰਹੋ ਵਗੈਰਾ।

2. **Philosophy of Religion** ਯਾਨੀ ਜਨਮ, ਮਰਨ, ਪੁਨਰ ਜਨਮ, ਸੰਸਾਰ ਦੀ ਬਨਾਵਟੀ ਆਦਿ ਦੀ ਫਿਲੋਸਫੀ। ਇਸ ਵਿਚ ਆਦਮੀ ਆਪਣੀ ਮਰਜ਼ੀ ਅਨੁਸਾਰ ਸੋਚਦਾ ਤੇ ਸਮਝਣ ਦਾ ਯਤਨ ਕਰਦਾ ਹੈ।

3. **Rituals of Religion** ਯਾਨੀ ਰਸਮੋ, ਰਿਵਾਜ਼ ਵਗੈਰਾ। ਮਤਲਬ ਇਹ ਹੈ ਕਿ ਪਹਿਲੇ ਹਿੱਸੇ ਵਿਚ ਤੇ ਸਾਰੇ ਮਜ਼ਹਬ ਇਕੱਠੇ ਹਨ। ਸਭ ਕਹਿੰਦੇ ਹਨ ਸੱਚ ਬੋਲੋ, ਝੂਠ ਨਾ ਬੋਲੋ, ਪਿਆਰ ਨਾਲ ਰਹੋ। ਇਨ੍ਹਾਂ ਗੱਲਾਂ ਨੂੰ ਕੁਝ ਸੱਜਣਾ ਨੇ **Indivisual Religion** ਕਿਹਾ ਹੈ। ਇਸ ਵਿਚ ਤੇ ਝਗੜੇ ਦਾ ਖਿਆਲ ਹੀ ਨਹੀਂ ਉਠਦਾ। ਬਲਕਿ ਇਹ ਨੇਕ ਵਿਚਾਰ ਹਰੇਕ ਆਦਮੀ ਵਿਚ ਹੋਣੇ ਚਾਹੀਦੇ ਹਨ। ਦੂਜੇ ਫਿਲੋਸਫੀ ਦਾ ਸੁਆਲ ਹੈ। ਅਸਲ ਵਿਚ ਤੇ ਕਹਿਣਾ ਪੈਂਦਾ ਹੈ ਕਿ **Philosphy is the out come of Human weakness** ਯਾਨੀ ਫਿਲੱਸਫੀ ਆਦਮੀ ਦੀ ਕਮਜ਼ੋਰੀ ਦਾ ਨਤੀਜਾ ਹੈ। ਜਿਥੇ ਭੀ ਆਦਮੀ ਦੇਖ ਸਕਦੇ ਹਨ ਉਥੇ ਤੀਕ ਕੋਈ ਝਗੜਾ ਨਹੀਂ। ਜਿਥੇ ਕੁਝ ਨਜ਼ਰ ਨਾ ਆਇਆ। ਉਥੇ ਦਿਮਾਗ ਲੜਾਉਣਾ ਸ਼ੁਰੂ ਕਰ ਦਿਤਾ ਤੇ ਖਾਸ ਖਾਸ ਨਤੀਜੇ ਕੱਢ ਲਏ। ਵੈਸੇ ਤੇ ਫਿਲੋਸਫੀ ਬੜੀ ਜ਼ਰੂਰੀ ਚੀਜ਼ ਹੈ ਕਿਉਂਕਿ ਇਸ ਤੋਂ ਬਿਨਾਂ ਉੱਨਤੀ ਨਹੀਂ ਹੋ ਸਕਦੀ। ਪਰ ਇਸ ਦੇ ਨਾਲ-ਨਾਲ ਸ਼ਾਂਤੀ ਹੋਣੀ ਬੜੀ ਜ਼ਰੂਰੀ ਹੈ। ਸਾਡੇ ਬਜ਼ੁਰਗ ਕਹਿ ਗਏ ਕਿ ਮਰਨ ਦੇ ਬਾਅਦ ਭੀ ਪੁਨਰਜਨਮ ਹੁੰਦਾ ਹੈ, ਇਸਾਈ ਤੇ ਮੁਸਲਮਾਨ ਇਸ ਗੱਲ ਨੂੰ ਨਹੀਂ ਮੰਨਦੇ। ਬਹੁਤ ਅੱਛਾ, ਆਪਣਾ-ਆਪਣਾ ਵਿਚਾਰ ਹੈ। ਆਉ ਮੁਹੱਬਤ ਨਾਲ ਬੈਠ ਕੇ ਬਹਿਸ ਕਰੀਏ। ਇਕ ਦੂਜੇ ਦੇ ਖਿਆਲਾਤ ਸੁਣੀਏ। ਪਰ 'ਮਸਲਾ ਤਨਾਸੁਕ' ਤੇ ਬਹਿਸ ਹੁੰਦੀ ਹੈ ਤੇ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਦੀ ਡਾਂਗ ਚਲ ਜਾਂਦੀ ਹੈ। ਗੱਲ ਕੀ ਹੈ, ਦੋਵੇਂ ਧਿਰਾਂ ਦਿਮਾਗ ਨੂੰ, ਅਕਲ ਨੂੰ, ਸੋਚਣ ਸਮਝਣ ਦੀ ਸ਼ਕਤੀ ਨੂੰ ਤਾਲਾ ਲਾ ਕੇ ਘਰ ਰੱਖ ਜਾਂਦੇ ਹਨ। ਉਹ ਸਮਝਦੇ ਹਨ ਕਿ ਵੇਦ ਭਗਵਾਨ ਵਿਚ ਪਰਮਾਤਮਾ ਨੇ ਇਸੇ ਤਰ੍ਹਾਂ ਲਿਖਿਆ ਹੈ ਤੇ ਸੱਚਾ ਹੈ। ਉਹ ਕਹਿੰਦੇ ਹਨ ਕਿ ਕੁਰਾਨ ਸ਼ਰੀਫ ਵਿਚ ਖੁਦਾ ਨੇ ਇਉਂ ਲਿਖਿਆ ਹੈ ਤੇ ਇਹੋ ਹੀ ਸੱਚ ਹੈ। ਆਪਣੇ ਸੋਚਣ ਦੀ ਸ਼ਕਤੀ (Power of Reasoning) ਨੂੰ ਛੁੱਟੀ ਦਿੱਤੀ ਹੋਈ ਹੁੰਦੀ ਹੈ, ਸੋ ਜੇ ਫਿਲੋਸਫੀ ਹਰ ਇਕ ਆਦਮੀ ਦੀ ਜਾਤੀ ਰਾਇ ਤੋਂ ਵਧੀਕ ਕੋਈ ਵੁਕਤ ਨਾਂ ਰਖਦੀ ਹੋਵੇ ਤੇ ਇਕ ਖਾਸ ਫਿਲੋਸਫੀ ਮੰਨਣ ਕਰਕੇ ਵੱਖਰਾ ਜੱਥਾ ਨਾ ਬਣੇ, ਤਾਂ ਇਸ ਵਿਚ ਕਿਸੇ ਨੂੰ ਕੀ ਸ਼ਕਾਇਤ ਹੋ ਸਕਦੀ ਹੈ।

ਹੁਣ ਆਉਂਦੀ ਹੈ ਤੀਸਰੀ ਗੱਲ। ਰਸਮੋ ਰਿਵਾਜ਼। ਸਰਸਵਤੀ ਪੂਜਾ ਵਾਲੇ ਦਿਨ, ਸਰਸਵਤੀ ਦੀ ਮੂਰਤੀ ਦਾ ਜਲੂਸ ਨਿਕਲਣਾ ਜ਼ਰੂਰੀ ਹੈ, ਅਤੇ ਉਸ ਵਿਚ ਅੱਗੇ-ਅੱਗੇ ਵਾਜਾ ਵੱਜਣਾ ਵੀ ਜ਼ਰੂਰੀ ਹੈ। ਪਰ ਹੈਰੀਮਨ ਰੋਡ ਦੇ ਰਸਤੇ ਵਿਚ ਇਕ ਮਸਜਿਦ ਵੀ ਪੈਂਦੀ ਹੈ। ਇਸਲਾਮ ਮਜ਼ਹਬ ਕਹਿੰਦਾ ਹੈ ਕਿ ਮਸਜ਼ਦ ਅੱਗੇ ਵਾਜਾ ਨਾ ਵਜੇ। ਹੁਣ ਕੀ ਹੋਣਾ ਚਾਹੀਦਾ ਹੈ। (Civil Rights

ਇਕ ਧਰਤੀ ਅਤੇ ਭਾਰਤ
ਦੀ ਇਕ ਪਵਿੱਤਰ ਧਰਤੀ,
ਮੇਰਾ ਸਵਰਗ ਹੈ;
ਉਸਤੇ ਤੇਰਾ ਇਕ ਦੇਸ਼ਾ
ਦਾ ਆਜ਼ਾਦੀ, ਦਾ
ਇਨਸਾਨ ਮੇਰਾ ਦੇਵਤਾ ਹੈ,
ਮੇਰਾ ਭਗਵਾਨ ਹੈ,
ਅਤੇ ਭਗਵਾਨ ਨੂੰ ਭਗਵਾਨ
ਬਣ ਕਰ ਕੇ ਮੈਂ ਸਵਰਗ
ਨੂੰ ਧਰਤ ਉਤਾਰਾਂ ਵਾਲੀਆਂ
ਤਾਕਤਾਂ ਨੂੰ ਖ਼ਤਮ ਕਰਕੇ,
ਇਨਸਾਨ ਨੂੰ ਦਰਜਾ ਦੇ
ਸਮਾਜ ਵੱਲ ਅੱਗੇ ਵਧਾਉ
ਵਲੀ ਦਾ ਕੋਸ਼ਿਸ਼, ਦਾ
ਕਰਮ ਮੇਰਾ ਧਰਮ ਹੈ।

– ਸ਼ਹੀਦ ਭਗਤ ਸਿੰਘ

of A citizen) ਸ਼ਹਿਰੀ ਹਕੂਕ ਕਹਿੰਦੇ ਹਨ ਕਿ ਬਜ਼ਾਰ ਵਿਚੋਂ ਵਾਜਾ ਬਜਾਉਂਦਿਆਂ ਹੋਇਆਂ ਭੀ ਜਾ ਸਕੀਦਾ ਹੈ, ਪਰ ਮਜ਼ਹਬ ਕਹਿੰਦਾ ਹੈ ਨਹੀਂ । ਇਨ੍ਹਾਂ ਦੇ ਮਜ਼ਹਬ ਵਿਚ ਗਾਂ ਦੀ ਕੁਰਬਾਨੀ ਜ਼ਰੂਰੀ ਹੈ ਤੇ ਦੂਸਰੇ ਦੇ ਵਿਚ ਗਊ ਦੀ ਪੂਜਾ ਲਿਖੀ ਹੋਈ ਹੈ, ਹੁਣ ਕੀ ਹੋਵੇ ? ਪਿਪਲ ਦੀ ਟਾਹਣੀ ਵੱਢਦਿਆਂ ਹੀ ਮਜ਼ਹਬ ਵਿਚ ਫਰਕ ਆ ਜਾਂਦਾ ਹੈ ਤੇ ਕੀਤਾ ਕੀ ਜਾਵੇ ? ਅਤੇ ਇਹ ਫਿਲੋਸਫੀ ਤੇ ਰਸਮੋ ਰਿਵਾਜ਼ ਵਾਲੇ ਛੋਟੇ ਭੇਦ ਪਿਛੋਂ ਜਾ ਕੇ National Religion ਬਣ ਜਾਂਦੇ ਹਨ ਤੇ ਜੁਦਾ ਜੁਦਾ ਜਥੇਬੰਦੀ ਦਾ ਕਾਰਨ ਹੁੰਦੇ ਹਨ ਨਤੀਜਾ ਸਾਡੇ ਸਾਹਮਣੇ ਹੈ ।

ਸੋ ਅਗਰ ਮਜ਼ਹਬ ਪਿਛਲੀ ਤੀਜੀ ਗਲ ਅਤੇ ਦੂਜੀ ਗਲ ਦੇ ਨਾਲ ਅੰਧ ਵਿਸ਼ਵਾਸ ਮਿਲਾਉਣ ਦਾ ਨਾਮ ਹੈ ਤਾਂ ਤੇ ਮਜ਼ਹਬ ਦੀ ਕੋਈ ਲੋੜ ਨਹੀਂ । ਕਲ੍ਹ ਨੂੰ ਨਹੀਂ ਅੱਜ ਹੀ ਉੜਾ ਦੇਣਾ ਚਾਹੀਦਾ ਹੈ, ਜੇ ਪਹਿਲੀ ਗੱਲ ਤੇ ਦੂਜੀ ਵਿਚ ਆਜ਼ਾਦ ਖਿਆਲੀ ਮਿਲਾ ਕੇ ਮਜ਼ਹਬ ਹੁੰਦਾ ਹੈ ਤਾਂ ਮੁਬਾਰਕ ਹੋਵੇ ਮਜ਼ਹਬ ।

ਪਰ ਜੁਦੀ ਜੁਦੀ ਫਿਰਕੇਬੰਦੀ ਅਤੇ ਖਾਣ ਪੀਣ ਦਾ ਭੇਦ ਭਾਵ ਹਰ ਸੂਰਤ ਵਿਚ ਮਿਟਾਉਣਾ ਜ਼ਰੂਰੀ ਹੈ । ਛੂਤ ਅਛੂਤ ਲਫਜਾਂ ਨੂੰ ਜੜ੍ਹੋਂ ਕਢਣਾ ਪਵੇਗਾ ।

ਜਿੰਨਾ ਚਿਰ ਅਸੀਂ ਆਪਣੀ ਤੰਗ ਦਿਲੀ ਛੱਡ ਕੇ ਇਕੱਠੇ ਨਾਂ ਹੋਵਾਂਗੇ । ਉਨਾਂ ਚਿਰ ਸਾਡੇ ਵਿਚ ਹਕੀਕੀ ਇਤਫਾਕ ਨਹੀਂ ਹੋ ਸਕਦਾ । ਇਸ ਕਰਕੇ ਉਪਰ ਲਿਖੀ ਗੱਲ ਦੇ ਮੁਤਾਬਕ ਚਲਣ ਪੁਰ ਹੀ ਅਸੀਂ ਆਜ਼ਾਦੀ ਵਲ ਵੱਧ ਸਕਦੇ ਹਾਂ । ਸਾਡੀ ਆਜ਼ਾਦੀ ਦਾ ਮਤਲਬ ਕੇਵਲ ਅੰਗਰੇਜ਼ੀ ਚੁੰਗਲ ਤੋਂ ਛੁਟਕਾਰਾ ਪਾਉਣ ਦਾ ਹੀ ਨਾਮ ਨਹੀਂ, ਉਹ ਪੂਰਨ ਆਜ਼ਾਦੀ ਦਾ ਨਾਉਂ ਹੈ, ਜਦੋਂ ਕਿ ਲੋਕੀਂ ਆਪੋ ਵਿਚ ਘੁਲ ਮਿਲ ਕੇ ਰਹਿਣਗੇ ਅਤੇ ਦਿਮਾਗੀ ਗੁਲਾਮੀ ਤੋਂ ਭੀ ਆਜ਼ਾਦ ਹੋ ਜਾਣਗੇ ।

* * *

# ਧਰਮਵਾਰ (ਫਿਰਕੂ) ਫਸਾਦ ਤੇ ਉਹਨਾਂ ਦਾ ਇਲਾਜ

• "ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ" ਪੁਸਤਕ ਵਿੱਚੋਂ •

[ਫਿਰਕਾਦਾਰਾਨਾ ਫਸਾਦ, 1919 ਦੇ ਜਲਿਆਂਵਾਲੇ ਬਾਗ ਦੇ ਬਾਅਦ ਅੰਗਰੇਜ਼ੀ ਸਰਕਾਰ ਨੇ ਖੂਬ ਪਰਚਾਰਨੇ ਸ਼ੁਰੂ ਕਰ ਦਿੱਤੇ ਸਨ । ਇਸੇ ਦੇ ਅਸਰ ਹੇਠ 1924 ਵਿਚ ਕੋਹਾਟ ਦੇ ਮੁਕਾਮ ਤੇ ਬਹੁਤ ਹੀ ਗੈਰ ਇਨਸਾਨੀ ਢੰਗ ਨਾਲ ਮੁਸਲਮਾਨ ਹਿੰਦੂ ਦੰਗੇ ਹੋਏ । ਇਸ ਦੇ ਬਾਅਦ ਕੌਮੀ ਰਾਜਨੀਤਕ ਚੇਤਨਾ ਵਿਚ ਫਿਰਕੂ ਫਸਾਦਾਂ ਤੇ ਖੂਬ ਬਹਿਸ ਚੱਲੀ । ਇਨ੍ਹਾਂ ਨੂੰ ਖਤਮ ਕਰਨ ਦੀ ਲੋੜ ਤਾਂ ਸਭ ਨੇ ਮਹਿਸੂਸ ਕੀਤੀ ਪਰ ਕਾਂਗਰਸ ਨੇਤਾਵਾਂ ਨੇ ਮੁਸਲਮਾਨ ਹਿੰਦੂ ਨੇਤਾਵਾਂ ਵਿਚ ਸੁਲਾਹ ਨਾਮਾ ਲਿਖਾ ਕੇ ਫਸਾਦਾਂ ਨੂੰ ਰੋਕਣ ਦੇ ਯਤਨ ਕੀਤੇ ।

ਜਿਵੇਂ ਪਿਛੇ ਕਿਹਾ ਗਿਆ ਹੈ, ਇਸ ਮਸਲੇ ਦੇ ਯਕੀਨੀ ਹੱਲ ਬਾਰੇ ਇਨਕਲਾਬੀ ਲਹਿਰ ਨੇ ਬਹੁਤ ਵਿਚਾਰ ਸਾਹਮਣੇ ਰਖੇ । ਏਥੇ ਪੇਸ਼ ਲੇਖ ਜੋ ਜੂਨ, 1927 ਦੇ 'ਕਿਰਤੀ' ਵਿਚ ਛਪਿਆ ਸੀ, ਉਦੋਂ ਦੇ ਇਸ ਪੱਖ ਦੇ ਵਿਚਾਰਾਂ ਤੋਂ ਜਾਣੂ ਕਰਵਾਏਗਾ । ਭਾਵੇਂ ਲੇਖਕ ਦਾ ਨਾਂ ਪਤਾ ਨਹੀਂ ਪਰ ਸ਼ਹੀਦ ਭਗਤ ਸਿੰਘ ਦੇ ਸਾਥੀਆਂ ਦੇ ਵਿਚਾਰਾਂ ਦਾ ਪਰਗਟਾਵਾ ਇਹ ਲੇਖ ਜ਼ਰੂਰ ਕਰਦਾ ਹੈ ।]

(—ਸੰਪਾਦਕ)

ਭਾਰਤ-ਵਰਸ਼ ਦੀ ਇਸ ਵੇਲੇ ਬੜੀ ਤਰਸ ਯੋਗ ਹਾਲਤ ਹੈ । ਇਕ ਧਰਮ ਦੇ ਪਿਛੇ-ਲੱਗ ਦੂਜੇ ਧਰਮ ਦੇ ਜਾਨੀ ਦੁਸ਼ਮਣ ਹਨ । ਹੁਣ ਤਾਂ ਇਕ ਧਰਮ ਦੇ ਹੋਣਾ ਹੀ ਦੂਜੇ ਧਰਮ ਦੇ ਕੱਟੜ ਵੈਰੀ ਹੋਣਾ ਹੈ । ਜੇ ਇਸ ਗੱਲ ਦਾ ਅਜੇ ਵੀ ਯਕੀਨ ਨਾ ਹੋਵੇ ਤਾਂ ਲਾਹੌਰ ਦੇ ਤਾਜ਼ੇ ਫਸਾਦ ਹੀ ਦੇਖ ਲਉ । ਕਿੱਦਾਂ ਮੁਸਲਮਾਨਾਂ ਨੇ ਬੇਗੁਨਾਹ ਸਿੱਖਾਂ, ਹਿੰਦੂਆਂ ਦੇ ਆਹੂ ਲਾਹੇ ਹਨ, ਤੇ ਕਿੱਦਾਂ ਸਿੱਖਾਂ ਨੇ ਵੀ ਵਾਹ ਲੱਗਦੀ ਕੋਈ ਕਸਰ ਨਹੀਂ ਛੱਡੀ ਹੈ । ਇਹ ਆਹੂ ਇਸ ਲਈ ਨਹੀਂ ਲਾਹੇ ਗਏ ਹਨ ਕਿ ਫਲਾਣਾਂ ਪੁਰਸ਼ ਦੋਸ਼ੀ ਹੈ, ਸਗੋਂ ਇਸ ਲਈ ਕਿ ਫਲਾਣਾ ਪੁਰਸ਼ ਹਿੰਦੂ ਹੈ, ਜਾਂ ਸਿੱਖ ਹੈ ਜਾਂ ਮੁਸਲਮਾਨ ਹੈ । ਬੱਸ, ਕਿਸੇ ਪੁਰਸ਼ ਦਾ ਸਿੱਖ ਜਾਂ ਹਿੰਦੂ ਹੋਣਾ ਮੁਸਲਮਾਨਾਂ ਦੇ ਕਤਲ ਕਰਨ ਲਈ ਕਾਫੀ ਕਾਰਨ ਸੀ । ਅਤੇ ਇਸੇ ਤਰ੍ਹਾਂ ਹੀ ਕਿਸੇ ਪੁਰਸ਼ ਦਾ ਮੁਸਲਮਾਨ ਹੋਣਾ ਹੀ, ਉਸ ਦੀ ਜਾਨ ਲੈਣ ਲਈ ਕਾਫੀ ਦਲੀਲ ਸੀ । ਜਦ ਇਹੋ ਜੇਹੀ ਹਾਲਤ ਹੋਵੇ ਤਾਂ ਹਿੰਦੁਸਤਾਨ ਦਾ ਅੱਲਾ ਹੀ ਬੇਲੀ ਹੈ ।

ਇਸ ਹਾਲਤ ਵਿਚ ਹਿੰਦੁਸਤਾਨ ਦਾ ਭਵਿੱਖ ਬੜਾ ਕਾਲਾ ਨਜ਼ਰ ਔਂਦਾ ਹੈ । ਇੰਨਾਂ 'ਧਰਮਾਂ' ਨੇ ਭਾਰਤ ਵਰਸ਼ ਦਾ ਬੇੜਾ ਗਰਕ ਕਰ ਛੱਡਿਆ ਹੈ । ਅਤੇ ਅਜੇ ਪਤਾ ਨਹੀਂ ਹੈ ਕਿ ਇਹ ਧਾਰਮਕ

ਫਸਾਦ ਭਾਰਤ ਵਰਸ਼ ਦਾ ਕਦੋਂ ਖਹਿੜਾ ਛੱਡਣਗੇ। ਇਨ੍ਹਾਂ ਫਸਾਦਾਂ ਨੇ ਸੰਸਾਰ ਦੀਆਂ ਅੱਖਾਂ ਵਿਚ ਹਿੰਦੁਸਤਾਨ ਨੂੰ ਬਦਨਾਮ ਕਰ ਛੱਡਿਆ ਹੈ। ਅਤੇ ਅਸਾਂ ਵੇਖਿਆ ਹੈ ਕਿ ਇਸ ਅੰਧ ਵਿਸ਼ਵਾਸ਼ੀ ਵਹਿਣ ਵਿਚ ਸਭ ਵਹਿ ਜਾਂਦੇ ਹਨ। ਕੋਈ ਵਿਰਲਾ ਹੀ ਹਿੰਦੂ, ਮੁਸਲਮਾਨ ਜਾਂ ਸਿੱਖ ਹੁੰਦਾ ਹੈ ਜੇਹੜਾ ਆਪਣਾ ਦਿਮਾਗ ਠੰਡਾ ਰੱਖਦਾ ਹੈ, ਬਾਕੀ ਸਭ ਦੇ ਸਭ ਇਹ ਨਾਮ ਧਰੀਕ ਧਰਮੀ ਆਪਣੇ ਨਾਮ ਧਰੀਕ ਧਰਮ ਦਾ ਰੁਹਬ ਕਾਇਮ ਰੱਖਣ ਲਈ ਡੰਡੇ ਸੋਟੇ, ਤਲਵਾਰਾਂ ਛੁਰੀਆਂ ਹੱਥ ਵਿਚ ਫੜ ਲੈਂਦੇ ਹਨ ਤੇ ਆਪਸ ਵਿਚੀਂ ਸਿਰ ਪਾੜ ਪਾੜ ਕੇ ਮਰ ਜਾਂਦੇ ਹਨ। ਰਹਿੰਦੇ ਖੂੰਹਦੇ ਕੁਛ ਤਾਂ ਫਾਹੇ ਲੱਗ ਜਾਂਦੇ ਹਨ ਤੇ ਕੁਛ ਜੇਲਾਂ ਵਿਚ ਸੁਟ ਦਿੱਤੇ ਜਾਂਦੇ ਹਨ। ਏਦਾਂ ਖੂਨ ਖਰਾਬਾ ਹੋ ਕੇ ਇਨ੍ਹਾਂ 'ਧਰਮੀਆਂ' ਉਪਰ ਅੰਗਰੇਜ਼ੀ ਡੰਡਾ ਵਰਦਾ ਹੈ ਤੇ ਫਿਰ ਇਨ੍ਹਾਂ ਦੇ ਦਿਮਾਗ ਦਾ ਕੀੜਾ ਟਿਕਾਣੇ ਆ ਜਾਂਦਾ ਹੈ।

ਜਿਥੋਂ ਤਕ ਵੇਖਿਆਂ ਗਿਆ ਹੈ, ਇਨ੍ਹਾਂ ਫਸਾਦਾਂ ਦੇ ਪਿਛੇ ਫਿਰਕੂ ਲੀਡਰਾਂ ਅਤੇ ਅਖਬਾਰਾਂ ਦਾ ਹੱਥ ਹੈ। ਇਸ ਵੇਲੇ ਹਿੰਦੁਸਤਾਨ ਦੇ ਲੀਡਰਾਂ ਨੇ ਉਹ ਗਹੋ-ਗਾਲ ਛੱਡੀ ਹੈ, ਕਿ ਚੁਪ ਹੀ ਭਲੀ। ਉਹੋ ਲੀਡਰ ਜਿੰਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰੌਣ ਦਾ ਭਾਰ ਆਪਣੇ ਸਿਰ ਤੇ ਚੁੱਕਿਆ ਹੋਇਆ ਸੀ, ਅਤੇ ਜੇਹੜੇ 'ਸਾਂਝੀ ਕੌਮੀਅਤ' ਅਤੇ 'ਸਵਰਾਜ ਸਵਰਾਜ' ਦੇ ਦੱਮਗੱਜੇ ਮਾਰਦੇ ਨਹੀਂ ਸਨ ਥੱਕਦੇ, ਉਹੋ, ਜਾਂ ਤਾਂ ਆਪਣੀਆਂ ਸਿਰੀਆਂ ਲੁਕਾਈ ਚੁੱਪ ਚਾਪ ਬੈਠੇ ਹਨ, ਜਾਂ ਏਸੇ ਧਰਮ-ਵਾਰ ਵਹਿਣ ਵਿਚ ਹੀ ਵਹਿ ਗਏ ਹਨ। ਸਿਰੀਆਂ ਲੁਕਾ ਕੇ ਬੈਠਣ ਵਾਲੇ ਲੀਡਰਾਂ ਦੀ ਗਿਣਤੀ ਵੀ ਥੋੜੀ ਹੈ? ਪਰ ਉਹ ਲੀਡਰ ਜੇਹੜੇ ਫਿਰਕੂ ਲਹਿਰ ਵਿਚ ਜਾ ਰਲੇ ਹਨ, ਉਹੋ ਜਿਹੇ ਤਾਂ ਇਕ ਅਜੇ ਬਹੁਤ ਢੀਮ ਪੁੱਟਿਆਂ ਸੌ ਨਿਕਲਦੇ ਹਨ, ਇਸ ਵੇਲੇ ਉਹ ਆਗੂ ਜਿਹੜੇ ਕਿ ਦਿਲੋਂ ਸਾਂਝਾਂ ਭਲਾ ਚਾਹੁੰਦੇ ਹਨ; ਬਹੁਤ ਹੀ ਥੋੜੇ ਹਨ। ਅਤੇ ਧਰਮ-ਵਾਰ ਲਹਿਰ ਦਾ ਇਤਨਾ ਪਰਬਲ ਹੜ੍ਹ ਆਇਆ ਹੈ ਕਿ ਉਹ ਵੀ ਇਸ ਹੜ੍ਹ ਨੂੰ ਠੱਲ ਨਹੀਂ ਪਾ ਸਕੇ ਹਨ। ਐਉਂ ਜਾਪਦਾ ਹੈ ਕਿ ਹਿੰਦੁਸਤਾਨ ਵਿਚ ਤਾਂ ਲੀਡਰੀ ਦਾ ਦਿਵਾਲਾ ਨਿਕਲ ਗਿਆ ਹੈ।

ਦੂਜੇ ਸੱਜਣ ਜੇਹੜੇ ਫਿਰਕੂ ਅੱਗ ਨੂੰ ਭੜਕੌਣ ਵਿਚ ਖਾਸ ਹਿੱਸਾ ਲੈਂਦੇ ਰਹੇ ਹਨ ਉਹ ਅਖਬਾਰਾਂ ਵਾਲੇ ਹਨ।

ਅਖਬਾਰ-ਨਵੀਸੀ ਦਾ ਪੇਸ਼ਾ ਜੇਹੜਾ ਕਦੇ ਬੜਾ ਉੱਚਾ ਸਮਝਿਆ ਜਾਂਦਾ ਸੀ ਅੱਜ ਬਹੁਤ ਹੀ ਗੰਦਾ ਹੋਇਆ ਹੈ। ਇਹ ਲੋਕ ਇਕ ਦੂਜੇ ਦੇ ਬਰਖਲਾਫ਼ ਬੜੇ ਮੋਟੇ ਮੋਟੇ ਸਿਰਲੇਖ ਦੇ ਕੇ ਲੋਕਾਂ ਦੇ ਜਜ਼ਬਾਤ ਭੜਕੌਂਦੇ ਹਨ, ਤੇ ਆਪਸ ਵਿਚੀਂ ਡਾਂਗੋਂ-ਸੋਟੀ ਕਰੌਂਦੇ ਹਨ। ਇਕ ਦੋ ਥਾਈਂ ਨਹੀਂ, ਕਿੰਨੀ ਥਾਂਈ ਹੀ ਇਸ ਲਈ ਫਸਾਦ ਹੋਇਆ ਹੈ ਕਿ ਲੋਕਲ ਅਖਬਾਰਾਂ ਨੇ ਬੜੇ ਭੜਕੀਲੇ ਲਖ ਲਿਖੇ ਸਨ। ਉਹ ਲਿਖਾਰੀ ਜਿਨ੍ਹਾਂ ਨੇ ਇਨਾਂ ਦਿਨਾਂ ਵਿਚ ਦਿਲ ਤੇ ਦਿਮਾਗ ਠੰਡੇ ਰੱਖੇ ਹਨ ਉਹ ਬਹੁਤ ਹੀ ਘੱਟ ਹਨ।

ਅਖਬਾਰਾਂ ਦਾ ਅਸਲੀ ਫਰਜ਼ ਤਾਂ ਵਿਦਿਆ ਦੇਣੀ, ਤੰਗ-ਦਿਲੀ ਵਿਚੋਂ ਲੋਕਾਂ ਨੂੰ ਕੱਢਣਾ, ਤੁਅਸੱਬ ਦੂਰ ਕਰਨਾ, ਆਪਸ ਵਿਚ ਪ੍ਰੇਮ ਮਿਲਾਪ ਪੈਦਾ ਕਰਨਾ ਅਤੇ ਹਿੰਦੁਸਤਾਨ ਦੀ ਸਾਂਝੀ ਕੌਮੀਅਤ ਬਣੌਣਾਂ ਸੀ, ਪਰ ਇਹਨਾਂ ਨੇ ਆਪਣਾ ਫਰਜ਼ ਇਨ੍ਹਾਂ ਸਾਰੇ ਹੀ ਅਸੂਲਾਂ ਦੇ ਉਲਟ ਬਣਾ ਲਿਆ ਹੈ। ਇਹਨਾਂ ਨੇ ਆਪਣਾ ਮੁਖ ਮੰਤਵ ਅਗਿਆਨ ਫੈਲਾਨਾ, ਤੰਗ ਦਿਲੀ ਦਾ ਪ੍ਰਚਾਰ ਕਰਨਾ, ਤਅਸੱਬੀ ਬਣੌਣਾਂ, ਲੜਾਈ ਝਗੜੇ ਕਰੌਣਾ, ਅਤੇ ਹਿੰਦੁਸਤਾਨ ਦੀ ਸਾਂਝੀ ਕੌਮੀਅਤ ਨੂੰ ਤਬਾਹ ਕਰਨਾ ਬਣਾ ਲਿਆ ਹੋਇਆ ਹੈ। ਏਹੋ ਕਾਰਨ ਹੈ ਕਿ ਭਾਰਤ ਵਰਸ਼ ਦੀ ਵਰਤਮਾਨ ਦਸ਼ਾ ਦਾ ਖਿਆਲ ਕਰਕੇ ਰੱਤ ਦੇ ਹੰਝੂ ਔਣ ਲਗ ਜਾਂਦੇ ਹਨ ਤੇ ਦਿਲ ਵਿਚ ਸੁਵਾਲ ਉਠਦਾ ਹੈ, ਕਿ 'ਹਿੰਦੁਸਤਾਨ ਦਾ ਕੀ ਬਣੂੰ'?

ਜਿਹੜੇ ਸੱਜਣ ਨਾ-ਮਿਲਵਰਤਨ ਦੇ ਦਿਨਾਂ ਦੇ ਜੋਸ਼ ਤੇ ਉਭਾਰ ਨੂੰ ਜਾਣਦੇ ਹਨ, ਉਨ੍ਹਾਂ ਨੂੰ ਇਹ ਹਾਲਤ ਵੇਖਕੇ ਰੋਣ ਆਉਂਦਾ ਹੈ। ਕਿਥੇ ਉਹ ਦਿਨ ਸਨ ਕਿ ਸੁਤੰਤ੍ਰਤਾ ਦੀ ਝੱਲਕ ਸਾਹਮਣੇ ਪਈ ਨਜ਼ਰ ਆਉਂਦੀ ਸੀ ਕਿ ਕਿੱਥੇ ਅੱਜ ਆਹ ਦਿਨ ਹਨ ਕਿ ਸਵਰਾਜ ਸੁਪਨਾ ਜਿਹਾ ਹੋਇਆ ਹੋਇਆ ਹੈ। ਬਸ, ਏਹੋ ਹੀ ਤੀਜਾ ਲਾਭ ਹੈ, ਜਿਹੜਾ ਇਨ੍ਹਾਂ ਫਸਾਦਾਂ ਨਾਲ, ਪਾਰਟੀ-ਜਾਬਰ ਸ਼ਾਹੀ ਨੂੰ ਹੋਇਆ ਹੈ। ਉਹੋ ਨੌਕਰਸ਼ਾਹੀ ਜਿਸ ਦੀ ਹੋਂਦ ਨੂੰ ਖਤਰਾ ਪਿਆ ਹੋਇਆ ਸੀ, ਕਿ ਉਹ ਕੱਲ੍ਹ ਵੀ ਨਹੀਂ ਹੈ, ਪ੍ਰਸੋਂ ਵੀ ਨਹੀਂ, ਅੱਜ ਇਤਨੀਆਂ ਮਜ਼ਬੂਤ ਜੜਾਂ ਤੇ ਬੈਠੀ ਹੈ ਕਿ ਉਸ ਨੂੰ ਹਿਲਾਣਾ ਕੋਈ ਮਾੜਾ ਮੋਟਾ ਕੰਮ ਨਹੀਂ ਹੈ।

ਜੇ ਇਹਨਾਂ ਫਿਰਕੂ ਫਸਾਦਾਂ ਦਾ ਜੜ੍ਹ ਕਾਰਨ ਲੱਭੀਏ ਤਾਂ ਸਾਨੂੰ ਤਾਂ ਇਹ ਕਾਰਨ ਆਰਥਕ ਹੀ ਜਾਪਦਾ ਹੈ ਨਾ-ਮਿਲਵਰਤਣ ਦੇ ਦਿਨਾਂ ਵਿਚ ਲੀਡਰਾਂ ਤੇ ਅਖਬਾਰ ਨਵੀਸਾਂ ਨੇ ਢੇਰ ਕੁਰਬਾਨੀਆਂ ਕੀਤੀਆਂ ਸਨ। ਉਨ੍ਹਾਂ ਦੀ ਆਰਥਕ ਦਸ਼ਾ ਖਰਾਬ ਹੋ ਗਈ ਹੋਈ ਸੀ। ਨਾ-ਮਿਲਵਰਤਨ ਦੇ ਪਿਛੋਂ ਮੱਧਮ ਪੈ ਜਾਣ ਕਰਕੇ ਲੀਡਰਾਂ ਦੀ ਕੋਈ ਬੇ-ਇਤਬਾਰੀ ਜਿਹੀ ਹੋ ਗਈ।

ਆਲੋਚਨਾ
ਤੇ
ਸੁਤੰਤਰ ਸੋਚਣੀ
ਇਨਕਲਾਬੀ ਦੇ
ਦੋ
ਲਾਜ਼ਮੀ
ਗੁਣ
ਹੁੰਦੇ
ਹਨ।
- ਸ਼ਹੀਦ ਭਗਤ ਸਿੰਘ

ਜਿਸ ਲਈ ਅੱਜ ਕਲ ਦੇ ਬਹੁਤ ਸਾਰੇ ਫਿਰਕੂ ਲੀਡਰਾਂ ਦੇ ਰੁਜ਼ਗਾਰ ਰੁਕ ਗਏ । ਸੰਸਾਰ ਵਿਚ ਜੇਹੜਾ ਕੰਮ ਸ਼ੁਰੂ ਹੁੰਦਾ ਹੈ ਉਸ ਦੀ ਤਹਿ ਵਿਚ ਪੇਟ ਦਾ ਸੁਆਲ ਜ਼ਰੂਰ ਹੁੰਦਾ ਹੈ । ਕਾਰਲ ਮਾਰਕਸ ਦੇ ਵੱਡੇ ਵੱਡੇ ਤਿੰਨ ਅਸੂਲਾਂ ਵਿਚੋਂ ਇਹ ਇਕ ਮੁੱਖ ਅਸੂਲ ਹੈ । ਇਸ ਅਸੂਲ ਦੇ ਕਾਰਣ ਹੀ ਤਬਲੀਗ, ਤਕਜ਼ੀਮ, ਅਤੇ ਸ਼ੁਧੀ ਤੇ ਸੰਗਠਨ ਸ਼ੁਰੂ ਹੋਏ ਤੇ ਏਸੇ ਕਾਰਨ ਹੀ ਅੱਜ ਸਾਡੀ ਉਹ ਦੁਰਦਸ਼ਾ ਹੋਈ ਜਿਹੜੀ ਕਿ ਬਿਆਨ ਤੋਂ ਬਾਹਰ ਹੈ ।

ਬਸ ਸਾਰੇ ਫਸਾਦਾਂ ਦਾ ਇਲਾਜ ਜੇ ਕੋਈ ਹੋ ਸਕਦਾ ਹੈ ਤਾਂ ਉਹ ਹਿੰਦੁਸਤਾਨ ਦੀ ਆਰਥਕ ਦਸ਼ਾ ਦੇ ਸੁਧਾਰ ਨਾਲ ਹੀ ਹੋ ਸਕਦਾ ਹੈ । ਕਿਉਂਕਿ ਭਾਰਤ ਵਰਸ਼ ਦੇ ਆਮ ਲੋਕਾਂ ਦੀ ਆਰਥਕ ਹਾਲਤ ਇੰਨੀ ਭੈੜੀ ਹੈ ਕਿ ਇਕ ਪੁਰਸ਼ ਨੂੰ ਚਾਰ ਆਨੇ ਦੇ ਕੇ ਦੂਜੇ ਨੂੰ ਬੇਇਜ਼ਤ ਕਰਣਾ ਸਕਦਾ ਹੈ । ਭੁੱਖ ਤੇ ਦੁੱਖ ਤੋਂ ਆਤਰ ਹੋ ਕੇ ਮਨੁੱਖ ਸਭ ਅਸੂਲ ਛਿੱਕੇ ਤੇ ਟੰਗ ਦਿੰਦਾ ਹੈ । ਸੱਚ ਹੈ ਮਰਦਾ ਕੀ ਨਹੀਂ ਕਰਦਾ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ
ਹਾਮੀ ਹੈ, ਉਸਨੂੰ ਲਾਜ਼ਮੀ
ਤੌਰ ਉੱਤੇ ਪੁਰਾਣੇ ਵਿਸ਼ਵਾਸ਼
ਦੀ ਹਰ ਗੱਲ ਦੀ ਆਲੋਚਨਾ
ਕਰਨੀ ਪਵੇਗੀ, ਉਹਦੇ ਵਿੱਚ
ਅਵਿਸ਼ਵਾਸ਼ ਪ੍ਰਗਟ ਕਰਨਾ
ਪਵੇਗਾ ਤੇ ਉਹਦੇ ਹਰ
ਪੱਖ ਨੂੰ ਵੰਗਾਰਨਾ
ਪਵੇਗਾ

\- ਸ਼ਹੀਦ ਭਗਤ ਸਿੰਘ

ਪਰ ਵਰਤਮਾਨ ਹਾਲਤ ਵਿਚ ਆਰਥਕ ਸੁਧਾਰ ਹੋਣਾ ਅਤੀ ਕਠਨ ਹੈ । ਕਿਉਂਕਿ ਸਰਕਾਰ ਬਦੇਸ਼ੀ ਹੈ ਤੇ ਏਹੋ ਹੀ ਲੋਕਾਂ ਦੀ ਹਾਲਤ ਨੂੰ ਨਹੀਂ ਸੁਧਰਨ ਦੇਂਦੀ ਹੈ । ਇਸ ਲਈ ਏਸੇ ਦੇ ਪਿਛੇ ਹੀ ਹੱਥ ਧੋ ਕੇ ਪੈਣਾ ਚਾਹੀਦਾ ਹੈ । ਕਿ ਜਦ ਤੱਕ ਇਹ ਬਦਲ ਨਾ ਜਾਵੇ ਆਰਾਮ ਨਹੀਂ ਲੈਣਾ ਚਾਹੀਦਾ ਹੈ ।

ਲੋਕਾਂ ਨੂੰ ਆਪਸ 'ਚ ਲੜਨ ਤੋਂ ਰੋਕਣ ਲਈ ਸ਼ਰੇਣੀ ਜਾਗ੍ਰਤ ਦੀ ਲੋੜ ਹੈ ਗਰੀਬਾਂ ਕਿਰਤੀਆਂ ਤੇ ਕਿਰਸਾਣਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ ਇਸ ਲਈ ਤੁਹਾਨੂੰ ਇਹਨਾਂ ਦੇ ਹਥ ਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ, ਤੇ ਇਨਾਂ ਦੇ ਹੱਥ ਤੇ ਚੜ੍ਹ ਕੇ ਕੁੱਛ ਨਹੀਂ ਕਰਨਾ ਚਾਹੀਦਾ ਹੈ । ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇਕੋ ਹੀ ਹਨ । ਤੁਹਾਡਾ ਭਲਾ ਇਸ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਤੇ ਮੁਲਕ ਦੇ ਭਿੰਨ ਭੇਦ ਮਿਟਾ ਕੇ ਇਕੱਠੇ ਹੋ ਜਾਉ ਅਤੇ ਗਾਵਰਨਮੈਂਟ ਦੀ ਤਾਕਤ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕਰੋ । ਇਹਨਾਂ ਯਤਨਾਂ ਨਾਲ ਤੁਹਾਡਾ ਕੋਈ ਹਰਜ਼ ਨਹੀਂ ਹੋਵੇਗਾ ਕਿਸੇ ਦਿਨ ਨੂੰ ਤੁਹਾਡੇ ਸੰਗਲ ਜ਼ਰੂਰ ਕਟੇ ਜਾਣਗੇ ਤੇ ਤੁਹਾਨੂੰ ਆਰਥਕ ਸੁਤੰਤ੍ਰਤਾ ਮਿਲ ਜਾਵੇਗੀ ।

ਜਿਨਾਂ ਲੋਕਾਂ ਨੂੰ ਰੂਸ ਦੇ ਇਤਿਹਾਸ ਦਾ ਪਤਾ ਹੈ ਉਹ ਜਾਣਦੇ ਹਨ ਕਿ ਜ਼ਾਰ ਦੇ ਵੇਲੇ ਉਥੇ ਵੀ ਏਹੋ ਹਿੰਦੁਸਤਾਨ ਵਾਲੀ ਹਾਲਤ ਸੀ, ਉਥੇ ਵੀ ਕਿੰਨੇ ਹੀ ਫਿਰਕੇ ਸਨ ਜਿਹੜੇ ਆਪਸ ਵਿਚ ਛਿੱਤਰ-ਪੌਲਾ ਹੀ ਖੜਕਾਉਂਦੇ ਰਹਿੰਦੇ ਸਨ । ਪਰ ਜਿਸ ਦਿਨ ਤੋਂ ਕਿਰਤੀ-ਰਾਜ ਹੋਇਆ ਹੈ ਉਥੇ ਨਕਸ਼ਾ ਹੀ ਬਦਲ ਗਿਆ ਹੈ । ਹੁਣ ਉਥੇ ਕਦੇ ਫਸਾਦ ਹੋਏ ਹੀ ਨਹੀਂ, ਹੁਣ ਉੱਥੇ ਹਰ ਇਕ ਨੂੰ 'ਇਨਸਾਨ' ਸਮਝਿਆ ਜਾਂਦਾ ਹੈ 'ਧਰਮੀ' ਨਹੀਂ ! ਜ਼ਾਰ ਦੇ ਵੇਲੇ ਲੋਕਾਂ ਦੀ ਆਰਥਕ ਦਸ਼ਾ ਬਹੁਤ ਹੀ ਭੈੜੀ ਸੀ । ਇਸ ਲਈ ਸਭ ਫਸਾਦ-ਝਗੜੇ ਹੁੰਦੇ ਸਨ । ਪਰ ਹੁਣ ਰੂਸੀਆਂ ਦੀ ਆਰਥਕ ਹਾਲਤ ਸੁਧਰ ਗਈ ਹੈ ਤੇ ਉਹਨਾਂ ਵਿਚ ਸ਼੍ਰੇਣੀ-ਜਾਗ੍ਰਤੀ ਘਰ ਕਰ ਗਈ ਹੈ ਇਸ ਲਈ ਉਥੇ ਹੁਣ ਤਾਂ ਕਦੇ ਕੋਈ ਫ਼ਸਾਦ ਸੁਨਣ ਵਿਚ ਹੀ ਨਹੀਂ ਆਏ ।

ਇਹਨਾਂ ਫਸਾਦਾਂ ਵਿਚ ਉਂਝ ਤਾਂ ਬੜੇ ਦਿਲ ਦਾਹੁਣ ਵਾਲੇ ਸਮਾਚਾਰ ਸੁਣੇ ਜਾਂਦੇ ਹਨ ਪਰ ਕਲੱਕਤੇ ਦੇ ਫਸਾਦਾਂ ਵਿਚ ਇਕ ਗੱਲ ਬੜੀ ਖੁਸ਼ੀ ਵਲੀ ਸੁਣੀ ਗਈ ਸੀ । ਉਹ ਇਹ ਸੀ ਕਿ ਉਥੇ ਹੋਏ ਫਸਾਦਾਂ ਵਿਚ ਟਰੇਡ ਯੂਨੀਅਨਾਂ ਦੇ ਕਿਰਤੀਆਂ ਨੇ ਕੋਈ ਹਿੱਸਾ ਨਹੀਂ ਲਿਆ ਸੀ । ਤੇ ਨਾਂ ਉਹ ਆਪਸ ਵਿਚ ਗੁਥਮ ਗੁੱਥਾ ਹੋਏ ਸਨ । ਸਗੋਂ ਉਹ ਬੜੇ ਪ੍ਰੇਮ ਨਾਲ ਸਾਰੇ ਹੀ ਹਿੰਦੂ-ਮੁਸਲਮਾਨ ਇਕੱਠੇ ਮਿਲਾਂ ਆਦਿ ਵਿਚ ਰਹਿੰਦੇ ਬਹਿੰਦੇ ਸਨ ਤੇ ਫਸਾਦ ਹਟਾਣ ਦੇ ਵੀ ਯਤਨ ਕਰਦੇ ਰਹੇ ਸਨ । ਇਹ ਇਸ ਲਈ ਕਿ ਉਹਨਾਂ ਵਿਚ ਸ਼੍ਰੇਣੀ-ਜਾਗ੍ਰਤੀ ਆਈ ਹੋਈ ਸੀ ਤੇ ਉਹ ਆਪਣੇ ਸ਼੍ਰੇਣੀ ਫਾਇਦਿਆਂ ਨੂੰ ਭਲੀ ਭਾਂਤ ਜਾਣਦੇ ਸਨ । ਇਹ ਸ਼੍ਰੇਣੀ ਜਾਗ੍ਰਤ ਦਾ ਇਕ ਸੋਹਣਾਂ ਰਾਹ ਹੈ ਜਿਹੜਾ ਕਿ ਫਸਾਦ ਰੋਕ ਸਕਦਾ ਹੈ !

ਇਹ ਖੁਸ਼ੀ ਦੀ ਸੋਅ ਸਾਡੇ ਕੰਨੀ ਪਈ ਹੈ ਕਿ ਭਾਰਤ ਦੇ ਨੌਜਵਾਨ ਹੁਣ ਉਹੋ ਜਿਹੇ ਧਰਮਾਂ ਤੋਂ ਜਿਹੜੇ ਕਿ ਆਪਸ ਵਿਚੀਂ ਲੜਾਉਣਾਂ ਤੇ ਨਫਰਤ ਕਰਨਾ ਸਿਖਾਲਦੇ ਹਨ, ਤੰਗ ਆ ਕੇ ਹੱਥ ਧੋਈ ਜਾਂਦੇ ਹਨ ਤੇ ਉਨਾਂ ਵਿਚ ਇੰਨੀ ਖੁਲ-ਦਿਲੀ ਆ ਗਈ ਹੈ ਕਿ ਉਹ ਭਾਰਤ ਵਰਸ਼ ਦੇ ਪੁਰਸ਼ਾਂ ਨੂੰ ਧਰਮ ਦੀ ਨਿਗਾਹ ਨਾਲ ਹਿੰਦੂ ਜਾਂ ਮੁਸਲਮਾਨ ਜਾਂ ਸਿੱਖ ਨਹੀਂ ਵੇਖਦੇ ਸਗੋਂ ਹਰ ਇਕ ਨੂੰ ਪਹਿਲਾਂ ਇਨਸਾਨ ਸਮਝਦੇ ਹਨ ਤੇ ਫਿਰ ਹਿੰਦੁਸਤਾਨੀ । ਭਾਰਤ ਵਰਸ਼ ਦੇ ਗਭਰੂਆਂ ਵਿਚ ਇਨਾਂ ਖਿਆਲਾਂ ਦਾ ਔਣਾਂ ਦਸਦਾ ਹੈ ਕਿ ਭਾਰਤ ਵਰਸ਼ ਦਾ ਅੱਗਾ ਬੜਾ ਚਮਕੀਲਾ ਹੈ, ਅਤੇ ਭਾਰਤ ਵਾਸੀਆਂ ਨੂੰ ਇਹ ਫਸਾਦ ਆਦਿ ਹੁੰਦੇ ਵੇਖਕੇ ਘਬਰਾ ਨਹੀਂ ਜਾਣਾ ਚਾਹੀਦਾ ਹੈ, ਸਗੋਂ ਤਿਆਰ ਬਰ-ਤਿਆਰ ਹੋ ਕੇ ਵਾਹ ਲੈਣੀ ਚਾਹੀਦੀ ਹੈ, ਕਿ ਐਨਾ ਵਾਯੂ-ਮੰਡਲ ਪੈਦਾ ਹੋ ਜਾਵੇ,

ਜਿਸ ਨਾਲ ਕਿ ਫਸਾਦ ਹੋਣ ਹੀ ਨਾ।

1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾ ਦਾ ਆਪਣਾ ਆਪਣਾ ਵਖਰਾ ਕਰੱਤਵ ਹੈ, ਤੇ ਇਸ ਵਿਚ ਦੂਜੇ ਦਾ ਕੋਈ ਦਖਲ ਨਹੀਂ। ਨਾਂ ਹੀ ਇਸ ਨੂੰ ਰਾਜਨੀਤੀ ਵਿਚ ਘੁਸੇੜਨਾਂ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲਕੇ ਕੰਮ ਨਹੀਂ ਕਰਨ ਦੇਂਦਾ ਹੈ। ਇਸੇ ਲਈ ਹੀ ਉਹ ਗਦਰ ਵਰਗੀ ਲਹਿਰ ਵਿਚ ਵੀ ਇਕ-ਮੁਠ ਤੇ ਇਕ ਜਾਨ ਰਹੇ ਸਨ ਤੇ ਜਿੱਥੇ ਸਿੱਖ ਵਧ ਵਧ ਕੇ ਫਾਂਸੀਆਂ ਤੇ ਟੰਗੇ ਗਏ ਸਨ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜਾਰੀ ਸੀ।

ਇਸ ਵੇਲੇ ਕੁਛ ਹਿੰਦੁਸਤਾਨੀ ਆਗੂ ਵੀ ਮੈਦਾਨ ਵਿਚ ਨਿਤਰੇ ਜਾਪਦੇ ਹਨ ਜਿਹੜੇ ਕਿ ਧਰਮ ਨੂੰ ਰਾਜਨੀਤੀ ਤੋਂ ਵੱਖਰਾ ਕਰਨਾ ਚਾਹੁੰਦੇ ਹਨ। ਝਗੜੇ ਮੁਕਾਣ ਦਾ ਇਹ ਵੀ ਇਕ ਸੋਹਣਾ ਇਲਾਜ ਹੈ ਤੇ ਅਸੀਂ ਇਸ ਦੀ ਪ੍ਰੋੜਤਾ ਕਰਦੇ ਹਾਂ।

ਜੇ ਧਰਮ ਨੂੰ ਵਖਰਿਆਂ ਕਰ ਦਿੱਤਾ ਜਾਵੇ, ਤਾਂ ਅਸੀਂ ਰਾਜਨੀਤੀ ਤੇ ਸਾਰੇ ਹੀ ਇਕੱਠੇ ਹੋ ਸਕਦੇ ਹਾਂ, ਧਰਮਾਂ ਵਿਚ-ਭਾਵੇਂ ਅਸੀਂ ਵਖਰੇ ਵਖਰੇ ਹੀ ਹੋਈਏ।

ਸਾਡਾ ਖਿਆਲ ਹੈ, ਕਿ ਹਿੰਦੁਸਤਾਨ ਦੇ ਸੱਭੇ ਦਰਦੀ ਸਾਡੇ ਇਹਨਾਂ ਦੱਸੇ ਇਲਾਜਾਂ ਵੱਲ ਜ਼ਰੂਰ ਗਹੁ ਕਰਨਗੇ, ਤੇ ਹਿੰਦੁਸਤਾਨ ਦਾ ਜੋਹੜਾ ਆਤਮ ਘਾਤ ਹੋ ਰਿਹਾ ਹੈ, ਇਸ ਤੋਂ ਇਸਨੂੰ ਬਚਾ ਲੈਣਗੇ।

* * *

# ਸ਼ਹੀਦ ਭਗਤ ਸਿੰਘ ਦੇ ਆਖਰੀ ਸਮੇਂ ਦੇ ਵਿਚਾਰਾਂ ਬਾਰੇ ਭੁਲੇਖਾ ਕਿਉਂ ?

ਪ੍ਰੋ: ਜਗਮੋਹਨ ਸਿੰਘ

ਕੁਝ ਸਮੇਂ ਤੋਂ ਦੋਬਾਰਾ ਸ਼ਹੀਦ ਭਗਤ ਸਿੰਘ ਦੇ ਆਪਣੇ ਅੰਤਮ ਸਮੇਂ ਦੇ ਵਿਚਾਰਾਂ ਬਾਰੇ ਕੁਝ ਭੁਲੇਖੇ ਖੜੇ ਕੀਤੇ ਗਏ ਹਨ। ਇਸ ਦੇ ਜ਼ਿਮੇਵਾਰ ਕਈ ਪੇਟ ਭਰਨ ਵਾਲੇ ਨਾਮਧਰੀਕ ਇਤਿਹਾਸਕਾਰ ਵੀ ਹਨ, ਜਿਨ੍ਹਾਂ ਬਗੈਰ ਘੋਖੇ ਭੁਲੇਖਿਆਂ ਨੂੰ ਹਵਾ ਦਿੱਤੀ, ਏਥੇ ਸਾਰੇ ਤੱਥਾਂ ਨੂੰ ਇਕੱਠੇ ਦੇਖਿਆ ਜਾਵੇਗਾ ਅਤੇ ਭਰਮਾਂ ਦੇ ਪੈਦਾ ਹੋਣ ਦੇ ਕਾਰਨਾਂ ਬਾਰੇ ਵੀ ਪੜਤਾਲ ਕੀਤੀ ਜਾਵੇਗੀ।

ਸਭ ਤੋਂ ਵੱਡਾ ਭੁਲੇਖਾ ਜੋ ਪੈਦਾ ਕੀਤਾ ਗਿਆ ਹੈ, ਉਹ ਗਿਆਨੀ ਨਾਹਰ ਸਿੰਘ ਜੀ ਸੰਪਾਦਕ 'ਜੇਲ੍ਹ-ਚਿੱਠੀਆਂ' ਦੀ ਸਫਾ 629 ਦੀ ਟਿਪਣੀ ਨੇ ਕੀਤਾ ਹੈ। ਇਸ ਵਿਚ ਲਿਖਿਆ ਹੈ ਕਿ "ਭਗਤ ਸਿੰਘ ਦੇ ਫ਼ਾਂਸੀ ਲਗਣ ਪਿਛੋਂ ਅਖਬਾਰਾਂ ਵਿਚ ਇਹ ਸਿਲਸਿਲਾ ਛਿੜਿਆ ਸੀ ਕਿ ਉਸਦਾ ਨਿਸਚਾ ਸਿੱਖੀ ਪਰ ਸੀ। ਕਸੂਰ ਦੇ ਗਰੰਥੀ ਭਾਈ ਨੱਥਾ ਸਿੰਘ ਦਾ ਬਿਆਨ ਅਖਬਾਰਾਂ ਵਿਚ ਛਪਿਆ ਸੀ ਕਿ ਸੰਸਕਾਰ ਵੇਲੇ ਭਗਤ ਸਿੰਘ ਦੇ ਛੇ, ਛੇ ਇੰਚ ਕੇਸ ਸਨ। ਸਰਕਾਰ ਨੇ ਭੀ ਐਲਾਨ ਕੀਤਾ ਸੀ ਕਿ ਇਸਦਾ ਮ੍ਰਿਤਕ ਸੰਸਕਾਰ ਸਿੱਖ ਧਰਮ ਅਨੁਸਾਰ ਕਰਾਇਆ ਗਿਆ ਸੀ। ਬੰਬਈ ਦੇ ਬਲਿਟਜ਼ ਅਖਬਾਰ ਦੇ 26 ਮਾਰਚ 1949 ਦੇ ਪਰਚੇ ਵਿਚ ਭਗਤ ਸਿੰਘ ਦਾ ਕੇਸਾਂ ਵਾਲਾ ਫੋਟੋ ਛਪਿਆ ਸੀ।.....ਇਹ ਫੋਟੋ ਭਗਤ ਸਿੰਘ ਹੋਰਾਂ ਦੇ ਫ਼ਾਂਸੀ ਲਗਣ ਤੋਂ ਕੁਝ ਮਿੰਟ ਪਹਿਲਾਂ ਦਿੱਲੀ ਦੇ ਸੱਜਣ ਸ਼ਾਮ ਲਾਲ ਨੇ ਖਿਚਿਆ ਸੀ, ਇਸ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਬਚਨਾਂ ਦਾ ਅਸਰ ਕਰਕੇ ਭਗਤ ਸਿੰਘ ਸਿੱਖ ਨਿਸਚੇ ਵਿਚ ਆ ਕੇ ਕੇਸਧਾਰੀ ਹੋਇਆ।"

ਇਹ ਨੋਟ ਸਾਰੇ ਪੈਦਾ ਕੀਤੇ ਗਏ ਭੁਲੇਖਿਆਂ ਦਾ ਮੂਲ ਹੈ। ਗਿਆਨੀ ਨਾਹਰ ਸਿੰਘ ਖੁਦ ਗ਼ਦਰ ਪਾਰਟੀ ਵਿਚ ਰਹੇ, ਪਰ ਫਿਰ ਭੁਲੇਖਾ ਕਿਵੇਂ ਪਿਆ। ਇਸ ਉਪਰ ਦਿੱਤੇ ਨੋਟ ਮੁਤਾਬਕ ਆਖ਼ਰੀ ਸਤਰਾਂ ਵਿਚ ਕੱਢੇ ਨਤੀਜੇ ਦਾ ਆਧਾਰ: 1. ਕਸੂਰ ਦੇ ਗਰੰਥੀ ਦਾ ਬਿਆਨ। 2. ਅੰਗਰੇਜ਼ ਸਰਕਾਰ ਦਾ ਐਲਾਨ। 3. ਮੰਜੇ ਤੇ ਬੈਠੇ ਭਗਤ ਸਿੰਘ ਦੀ ਫੋਟੋ ਹਨ।

ਪਹਿਲੇ ਦੋਨੋਂ ਆਧਾਰਾਂ ਦੀ ਬੁਨਿਆਦ ਉਹਨਾਂ ਦੇ ਸੱਚ ਨੂੰ ਪਰਵਾਨ ਕਰਕੇ ਅੱਗੇ ਤੁਰਨਾ ਹੈ। ਅਤੇ ਏਹੀ ਸਚਾਈ ਤੋਂ ਭਟਕਣਾ ਵੀ ਹੈ। ਏਥੇ ਇਹ ਯਾਦ ਰੱਖਿਆ ਜਾਵੇ ਕਿ, ਜਦ ਅੰਗਰੇਜ਼ ਜਿਉਂਦੇ ਭਗਤ ਸਿੰਘ, ਰਾਜਗੁਰੂ 'ਤੇ ਸੁਖਦੇਵ ਨੂੰ ਨਾ ਵੰਡ ਸਕੇ ਤੇ ਨਾ ਹੀ ਉਹਨਾਂ ਬਾਰੇ ਭੁਲੇਖਾਂ ਪੈਦਾ ਕਰ ਸਕੇ ਤਾਂ ਆਖਰੀ ਚਾਲ ਚਲੀ ਗਈ। 23 ਮਾਰਚ 1931 ਨੂੰ ਸ਼ਾਮ 7 ਵਜੇ ਫ਼ਾਂਸੀ ਦੇ ਕੇ, ਟੁਕੜੇ-2 ਕੀਤਾ ਗਿਆ, ਫਿਰ ਫਿਰੋਜ਼ਪੁਰ ਸਤਲੁਜ ਦੇ ਕੰਢੇ ਅਧਜਲੇ ਕਰਕੇ ਸਤਲੁਜ ਦਰਿਆ ਨੂੰ ਭੇਟ ਕੀਤਾ ਗਿਆ। ਇਹ ਸਭ ਕੁਝ ਬੜੀ ਹੀ ਕਾਹਲੀ ਵਿਚ ਕੀਤਾ ਗਿਆ ਸੀ। ਟੁਕੜੇ ਕਰਨ ਤੇ ਅੱਧ ਜਲੇ ਕਰਨ ਦਾ ਸਬੂਤ 24 ਮਾਰਚ 1931 ਸਵੇਰੇ ਬੀਬੀ ਅਮਰ ਕੌਰ ਭੈਣ ਸ਼ਹੀਦ ਭਗਤ ਸਿੰਘ ਤੇ ਹੋਰ ਦੇਸ ਵਾਸੀਆਂ ਵਲੋਂ ਇਕੱਠੇ ਕੀਤੇ ਗਏ, ਖੂਨ ਵਿਚ ਭਿੱਜੇ

ਰੋੜ੍ਹੇ, ਰੇਤ ਅਤੇ ਤੇਜਧਾਰ ਦੀ ਕੱਟੀ, ਅੱਧ ਜਲੀ ਹੱਡੀ ਹਨ। ਇਹ ਅੱਜ ਕਲ ਖਟਕੜ ਕਲਾਂ ਨੁਮਾਇਸ਼ ਘਰ ਵਿਚ ਦੇਖੀ ਜਾ ਸਕਦੀ ਹੈ। 23 ਦੀ ਰਾਤ ਨੂੰ ਹੀ ਅੰਗਰੇਜ਼ ਸਰਕਾਰ ਨੇ ਕਿ ਇਕ ਇਸ਼ਤਿਹਾਰ ਲਗਾਇਆ ਸੀ ਕਿ ਭਗਤ ਸਿੰਘ ਦਾ ਸੰਸਕਾਰ ਸਿੱਖ ਰੀਤੀ ਨਾਲ, ਰਾਜਗੁਰੂ ਦਾ ਸਨਾਤਨੀ ਰੀਤੀ ਨਾਲ ਅਤੇ ਸੁਖਦੇਵ ਦਾ ਆਰੀਆ ਸਮਾਜੀ ਤਰੀਕੇ ਨਾਲ ਕੀਤਾ ਗਿਆ ਹੈ। ਇਸ ਦੀ ਗੁਆਹੀ ਕਸੂਰ ਦੇ ਗਰੰਥੀ ਤੇ ਪੰਡਤਾਂ ਤੋਂ ਪੁਆਈ ਗਈ ਸੀ। ਇਸ ਦੀ ਚਾਲ ਜੋ ਭਾਰਤ ਦੀ ਫਿਰਕਾ ਪ੍ਰਸਤੀ ਦੀ ਕਮਜ਼ੋਰੀ ਦਾ ਲਾਭ ਉਠਾਂਦੇ ਹੋਏ ਅੰਗਰੇਜ਼ ਨੇ ਖੇਡੀ ਸੀ। ਅਗਰ ਗਰੰਥੀ ਜਨਾਬ ਸੰਸਕਾਰ ਤੇ ਗਏ ਸਨ ਤਾਂ ਫਿਰ ਉਹਨਾਂ ਨੂੰ ਸਿਰਫ ਵਾਲ ਹੀ ਦਿਸੇ, ਟੁਕੜੇ ਤੇ ਖੂਨ ਨਜ਼ਰ ਨਾ ਆਇਆ। ਬੀਬੀ ਜੀ ਦਸਦੇ ਹਨ ਕਿ ਸਵੇਰੇ ਪੁੱਜਣ ਤੇ ਉਹਨਾਂ ਨੇ ਉਥੇ, ਸੰਤਰੇ ਦੇ ਛਿਲਕੇ, ਗੰਨੇ ਦੀਆਂ ਗਨੇਰੀਆਂ ਵੀ ਦੇਖੀਆਂ ਸਨ। ਇਹ ਵੀ ਪਤਾ ਲਗਾ ਕਿ ਲਾਸ਼ਾਂ ਨਾਲ ਸਿਰਫ ਅੰਗਰੇਜ਼ ਫੌਜੀ ਹੀ ਆਏ ਸਨ। ਅੰਗਰੇਜ਼ ਦਾ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਤੋਂ ਡਰ ਤੇ ਉਹਨਾਂ ਵਿਰੁੱਧ ਗੁੱਸਾ ਏਨਾ ਸੀ ਕਿ ਕਾਲਾ ਵਰੰਟ ਲਿਖਣ ਵਾਲੀ ਕਲਮ ਫਿਲੌਰ ਕਿਲ੍ਹੇ ਵਿਚ ਲਿਆ ਕੇ ਰਖੀ ਗਈ ਤਾਂ ਕਿ ਟਰੇਨਿੰਗ ਪਾ ਰਹੇ ਅੰਗਰੇਜ਼ ਅਫਸਰਾਂ ਨੂੰ ਸਾਂਡਰਸ ਦੀ ਫੋਟੋ ਤੇ ਕਲਮ ਦਿਖਾ ਕੇ ਹੌਂਸਲਾ ਵਧਾ ਸਕਣ। ਖੈਰ ਅੰਗਰੇਜ਼ਾਂ ਦੀ ਵਖਰੇਵਾਂ ਪਾਊ ਫਿਰਕਾਪ੍ਰਸਤੀ ਦੀ ਚਾਲ ਦੇ ਜਾਲ ਵਿਚ ਦੇਸ਼ ਭਗਤ ਗਿਆਨੀ ਨਾਹਰ ਸਿੰਘ ਫਸ ਹੀ ਗਏ ਕਿਉਂਕਿ ਉਹਨਾਂ ਨੂੰ ਭਾਈ ਰਣਧੀਰ ਸਿੰਘ ਦੀ ਕਰਾਮਾਤੀ ਸਖਸੀਅਤ ਵਿਚ ਅਥਾਹ ਯਕੀਨ ਸੀ।

> ਉਸੇ ਫ਼ਿਕਰ ਹੈ ਹਰਦਮ
> ਨਯਾ ਤਰਜ਼ੇ-ਜਫ਼ਾ ਕਯਾ ਹੈ,
> ਹਮੇਂ ਯਹ ਸ਼ੌਕ ਹੈ ਦੇਖੇਂ
> ਸਿਤਮ ਕੀ ਇੰਤਹਾ ਕਯਾ ਹੈ।
>
> - ਛੋਟੇ ਭਰਾ ਕੁਲਤਾਰ ਨੂੰ
> ਲਿਖੇ ਖ਼ਤ ਵਿੱਚੋਂ
> (ਭਗਤ ਸਿੰਘ
> 3 ਮਾਰਚ 31.)

ਹਾਂ ਇਹ ਠੀਕ ਹੈ ਕਿ ਭਾਈ ਸਾਹਿਬ ਤੇ ਸ਼ਹੀਦ ਭਗਤ ਸਿੰਘ ਵਿਚ ਇਕ ਮੁਲਾਕਾਤ 4 1930 ਨੂੰ ਹੋਈ। ਇਸ ਬਾਰੇ ਅਗੇ ਲਿਖਿਆ ਜਾਵੇਗਾ।

ਤੀਸਰਾ ਭੁਲੇਖੇ ਦਾ ਅਧਾਰ ਮੰਜੇ ਤੇ ਬੈਠੇ ਭਗਤ ਸਿੰਘ ਦੀ ਤੇ ਸੀ. ਆਈ. ਡੀ. ਦੇ ਇਨਸਪੈਕਟਰ ਦੀ ਫੋਟੋ ਹੈ। ਇਹ ਬੜੀ ਦੁਖਦਾਈ ਗੱਲ ਹੈ ਕਿ ਗਿਆਨੀ ਜੀ ਜੋ ਖੁਦ ਜੇਲ੍ਹ ਕੱਟ ਆਏ ਹਨ ਨੇ ਭੁਲੇਖੇ ਤੇ ਅੰਧ-ਵਿਸ਼ਵਾਸ ਵਿਚ ਇਹ ਵੀ ਭੁਲਾ ਦਿੱਤਾ ਕਿ ਮੌਤ ਕੋਠੜੀ ਵਿਚ ਮੰਜਾ ਨਹੀਂ ਮਿਲਦਾ ਤੇ ਨਾ ਹੀ ਪਾਟੀ ਕਮੀਜ ਪਾਈ ਜਾਂਦੀ ਹੈ। ਕਿਉਂਕਿ ਫੋਟੋ ਦੀ ਕਾਪੀ ਸ੍ਰੀ ਸ਼ਾਮਲਾਲ ਨੇ ਦਿੱਤੀ ਸੀ ਜਿਨ੍ਹਾਂ ਨੂੰ ਸ੍ਰ: ਕੁਲਬੀਰ ਸਿੰਘ ਭਾਈ ਸ਼ਹੀਦ ਭਗਤ ਸਿੰਘ ਨੇ ਦਿੱਤੀ ਸੀ, ਤੋਂ ਇਹ ਸਮਝ ਜਾਣਾ ਕਿ ਫਾਂਸੀ ਤੋਂ ਚੰਦ ਮਿੰਟ ਪਹਿਲਾਂ ਖਿਚੀ ਗਈ ਹੈ, ਇਹ ਭੁਲੇਖਾ ਸਾਰੇ ਅੰਤਰੀਵ ਖਿਆਲੀ (Subjective) ਸੋਚ ਵਾਲਿਆਂ ਨੂੰ ਲਗ ਹੀ ਜਾਂਦਾ ਹੈ, ਜਦੋਂ ਹਰ ਨਵੇਂ ਤੱਥ ਨੂੰ ਪੂਰੀ ਤਰ੍ਹਾਂ ਤਰਕ ਤੇ ਨਾ ਉਤਾਰਿਆ ਜਾਵੇ। ਇਸ ਫੋਟੋ ਦੀ ਅਸਲੀਅਤ ਕੀ ਹੈ, ਸ੍ਰੀ ਮਿਲਖਾ ਸਿੰਘ ਨਿਝਰ ਦਸ ਸਕਦੇ ਹਨ ਜਿਨ੍ਹਾਂ ਕੋਲ ਅਸਲ ਫੋਟੋ ਹੈ ਤੇ ਜਿਨ੍ਹਾਂ ਨੇ ਪੁਲੀਸ ਰਿਕਾਰਡ ਵਿਚੋਂ ਚੋਰੀ ਕਰਕੇ ਲਿਆਂਦੀ ਸੀ ਅਤੇ 1940 ਵਿਚ ਸ੍ਰ: ਕੁਲਬੀਰ ਸਿੰਘ ਨੂੰ ਦਿੱਤੀ ਸੀ। ਇਹ ਫੋਟੋ ਮਈ 1927 ਵਿਚ ਸ਼ਹੀਦ ਦੀ ਪਹਿਲੀ ਗਰਿਫਤਾਰੀ ਤੋਂ ਬਾਅਦ ਹਫਤੇ ਦੀ ਪੁਛ ਪੜਤਾਲ ਦੇ ਦੌਰਾਨ ਪੁਲੀਸ ਨੇ ਚੋਰੀ ਖਿੱਚੀ ਸੀ, ਨਾਲ ਬੈਠੇ ਹਨ ਸ੍ਰੀ ਗੋਪਾਲ ਸਿੰਘ ਨੁਸ਼ਹਿਰਾ ਪਨੂੰਆਂ ਡੀ. ਐਸ. ਪੀ. ਸੀ. ਆਈ. ਡੀ। (ਆਰਸੀ ਅਪਰੈਲ, 1980)

ਸੋ ਪਾਠਕੋ ਤੁਸੀਂ ਵਿਚਾਰੋ ਕਿ ਇਹ ਤਿੰਨੇ ਅਧਾਰ ਬੇ-ਬੁਨਿਆਦ ਹਨ। ਇਹ ਭੁਲੇਖਾ ਖੜਾ ਕਰਕੇ ਭਗਤ ਸਿੰਘ ਨੂੰ ਦੁਬਾਰਾ ਫਾਂਸੀ ਜ਼ਰੂਰ ਚੜ੍ਹਾਇਆ ਗਿਆ ਹੈ। ਕਿਉਂਕਿ ਅੰਗਰੇਜ਼ ਚਾਹੁੰਦੇ ਸਨ ਕਿ ਅਗਰ ਇਹ ਸਾਬਤ ਕਰ ਦਿੱਤਾ ਜਾਵੇ ਕਿ ਸਾਬਤ ਕਦਮ, ਇਨਕਲਾਬੀ ਭਗਤ ਸਿੰਘ ਅਖੀਰੀ ਪਲਾਂ ਤੇ ਥਿੜਕ ਗਿਆ ਸੀ ਤਾਂ ਉਹਨਾਂ ਦੇ ਭੈ ਵਾਲੇ ਹਥਿਆਰ ਦੀ ਮਾਰ ਜ਼ਰੂਰ ਹੋ ਜਾਵੇਗੀ। ਹੁਣ ਤੱਕ ਆਪਾਂ ਦੇਖਿਆ ਹੈ ਕਿ ਝੂਠਾ ਪਰਚਾਰ ਫਿਰਕੇ, ਧਰਮਾਂ ਦੀ ਬੁਨਿਆਦ ਨੂੰ ਸਾਹਮਣੇ ਰੱਖ ਕੇ ਜੋ ਹਕੂਮਤਾਂ ਕਰਦੀਆਂ ਹਨ, ਕਿੱਡਾ ਵੱਡਾ ਅਨਿਆਂ ਕਰ ਸਕਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਤੇ ਸ਼ਹੀਦ ਭਗਤ ਸਿੰਘ ਜੀ ਵਿਚ ਜੋ ਮੁਲਾਕਾਤ ਹੋਈ, ਉਸ ਦਾ ਅਸਰ ਕੀ ਸੀ। ਇਸ ਮੁਲਕਾਤ ਬਾਰੇ ਦੋ ਲਿਖਤੀ ਵਾਰਤਕ ਹਨ ਤੇ ਕੁਝ ਲੇਖਕ ਦੇ ਜ਼ਬਾਨੀ ਤਤਕਾਰ। ਲਿਖਤਾਂ ਹਨ ਭਾਈ ਸਾਹਿਬ ਦੀ ਵਾਰਤਕ ਜੋ 1937-38 ਵਿਚ ਯਾਨੀ ਮੁਲਾਕਾਤ ਦੇ 7-8 ਸਾਲ ਬਾਦ ਅਤੇ ਉਹ ਵੀ ਗਿਆਨੀ ਨਾਹਰ ਸਿੰਘ ਜੀ ਦੀਆ ਦੋ ਧਾਰਾਵਾਂ (ਗਰੰਥੀ ਦਾ ਬਿਆਨ ਤੇ ਅੰਗਰੇਜ਼ ਸਰਕਾਰ ਦਾ ਬਿਆਨ) ਬਾਰੇ ਜਾਣਕਾਰੀ ਭਾਈ ਸਾਹਿਬ ਨਾਲ ਸਾਂਝੀ ਕਰਨ ਤੇ। ਦੂਸਰੀ ਲਿਖਤ ਹੈ ਭਗਤ ਸਿੰਘ ਦਾ ਲੇਖ "ਮੈਂ ਨਾਸਤਿਕ ਕਿਉਂ ਹਾਂ" ਜੋ 27 ਸਤੰਬਰ 1931 ਦੇ 'ਦੀ ਪੀਪਲ' ਹਫਤਾਵਾਰ ਅਖਬਾਰ ਵਿਚ ਛਪ ਵੀ ਗਿਆ ਸੀ। ਅਤੇ ਲੇਖ ਵਿਚ ਜਿਕਰ "ਪਹਿਲਾਂ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਮੁਕੱਦਮੇ ਦਾ ਕੀ ਫੈਸਲਾ ਹੋਵੇਗਾ। ਹਫਤੇ ਦੇ ਵਿਚ-ਵਿਚ ਫੈਸਲਾ ਸੁਣਾ ਦਿੱਤਾ ਜਾਵੇਗਾ।" ਮੁਤਾਬਿਕ 7 ਅਕਤੂਬਰ 1930 ਤੋਂ ਵੀ ਕੁਝ ਦਿਨ ਪਹਿਲਾਂ ਲਿਖਿਆ ਗਿਆ ਸੀ। ਮੁਲਾਕਾਤ 4 ਤਾਰੀਕ ਹੋਈ ਹੈ। ਸੋ ਤਤਕਾਲ ਬਾਦ ਹੀ ਲਿਖਿਆ ਗਿਆ ਹੈ। 7 ਅਕਤੂਬਰ 1930 ਨੂੰ ਫਾਂਸੀ ਦੀ ਸਜ਼ਾ ਪਾਏ ਜਾਣ ਤੇ ਜਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਕਾਲ ਕੋਠੜੀਆਂ ਵਿਚ ਭੇਜਿਆ ਗਿਆ ਤਾਂ ਇਹ ਲੇਖ ਤੇ ਹੋਰ ਕਾਗਜ਼, ਇਕ 404 ਸਫ਼ੇ ਦੀ ਨੋਟ ਬੁਕ ਤੇ ਕੁਝ ਨਿਜੀ ਵਰਤੋ ਦਾ ਸਮਾਨ ਸਮੇਤ ਘਰਦਿਆਂ ਨੂੰ ਮਿਲ ਗਏ ਸਨ।

ਦੋਨੋਂ ਦਲੀਲਾਂ ਨੂੰ ਇਕੱਠੇ ਪੜ੍ਹਕੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਵਿਗਿਆਨੀ ਪਕੜ, ਤਰਤੀਬ ਅਤੇ ਮਜ਼ਬੂਤੀ ਸਾਫ਼ ਸਾਹਮਣੇ ਆ ਜਾਂਦੀ ਹੈ।

ਸ਼ਹੀਦ ਭਗਤ ਸਿੰਘ ਦੇ ਲੇਖ ਦਾ ਸ਼ੁਰੂ ਹੀ ਭਾਈ ਸਾਹਿਬ ਦੇ ਉਠਾਏ ਸਵਾਲਾਂ ਦਾ ਵੇਰਵਾ ਹੈ "ਆਪਣੇ ਕੁਝ ਦੋਸਤਾਂ (ਬਾਬਾ ਤੇਜਾ ਸਿੰਘ ਚੂਹੜ ਕਾਣਾ ਤੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ—ਗ਼ਦਰੀ) ਨਾਲ ਗਲ ਬਾਤ ਤੋਂ ਪਤਾ ਲਗਾ ਕਿ ਮੇਰੇ ਕੁਝ ਦੋਸਤਾਂ (ਇਸ਼ਾਰਾ ਭਾਈ ਰਣਧੀਰ ਸਿੰਘ ਜੀ ਵਲ ਹੈ) ਜੇ ਦੋਸਤੀ ਦਾ ਇਹ ਮੇਰਾ ਦਾਅਵਾ ਗ਼ਲਤ ਨਾ ਹੋਵੇ—ਨੇ ਮੇਰੇ ਨਾਲ ਥੋਹੜੇ ਜਿਹੇ ਮੇਲਜੋਲ ਮਗਰੋਂ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਨ ਹੈ।" ਤੇ ਫਿਰ ਸਾਰਾ ਲੇਖ ਇਸ ਸਵਾਲ ਦਾ ਵਿਗਿਆਨਕ ਤਰੀਕੇ ਨਾਲ ਘੋਖਿਆ ਜਵਾਬ ਹੈ।

ਮੇਰੀ ਹਵਾ ਮੇਂ ਰਹੇਗੀ
ਖ਼ਿਆਲ ਕੀ ਬਿਜਲੀ
ਯਹ ਮੁਸ਼ਤ-ਏ-ਖ਼ਾਕ ਹੈ ਫ਼ਾਨੀ
ਰਹੇ ਨਾ ਰਹੇ।

— ਛੋਟੇ ਭਰਾ ਕੁਲਤਾਰ ਨੂੰ
ਲਿਖੇ ਖ਼ਤ ਵਿੱਚੋਂ
(ਭਗਤ ਸਿੰਘ
3 ਮਾਰਚ 31।)

ਭਾਈ ਸਾਹਿਬ ਖੁਦ ਆਪਣੀ ਵਾਰਤਾ ਵਿਚ ਇਹ ਜ਼ਿਕਰ ਕਰਦੇ ਹਨ ਕਿ ਭਗਤ ਸਿੰਘ ਨੇ ਕਿਹਾ ਸੀ, "ਮੈਨੂੰ ਮਾਫ ਕਰੋਗੇ ਜੇ ਮੈਂ ਸਾਫ ਲਫਜ਼ਾਂ ਵਿਚ ਆਪਣੇ ਦਿਲ ਨੂੰ ਖੋਹਲ ਦੇਵਾਂ ਕਿ ਮੈਂ ਨਾਸਤਕ ਹਾਂ ਰੱਬ ਨੂੰ ਨਹੀਂ ਮੰਨਦਾ।" (ਜੇਲ੍ਹ-ਚਿੱਠੀਆਂ, ਸਫ਼ਾ 627)

ਇਸ ਨੂੰ ਤੇ ਭਾਈ ਸਾਹਿਬ ਦੇ ਇਹਨਾਂ ਸ਼ਬਦਾਂ ਨੂੰ ਕਿ ਤੂੰ ਅਰਦਾਸ ਕਰਿਆ ਕਰ ਦਾ ਜ਼ਿਕਰ ਭਗਤ ਸਿੰਘ ਦੇ ਲੇਖ ਵਿਚ ਇਵੇਂ ਹੈ।

"ਸਮਾਜ ਨੇ ਜਿਵੇਂ ਬੁੱਤ ਪੂਜਾ ਤੋਂ ਧਰਮ ਦੇ ਤੇਜ਼ ਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ ਉਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲਗਾ ਤੇ ਯਥਾਰਥਵਾਦੀ ਹੋਣ ਲੱਗਾ ਤਾਂ ਉਹਨੂੰ ਰੱਬ ਦਾ ਵਿਸਵਾਸ ਲਾਂਭੇ ਸੁਟਣਾ ਪਏਗਾ ਅਤੇ ਹਰ ਮੁਸ਼ਕਲ, ਹਰ ਆਫਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡੱਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਹਾਂ। ਮੇਰਾ ਖਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵਧ ਖੁਦਗਰਜ਼ੀ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ। ਯਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਏਗੀ। ਮੈਂ ਉਹਨਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡੱਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਹੈ। ਇਸੇ ਲਈ ਮੈਂ ਅਖੀਰ ਤੱਕ, ਫਾਂਸੀ ਦੇ ਤਖਤੇਉਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤ ਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ ਉੱਤੇ ਕਿੰਨਾ ਕੁ ਪੂਰਾ ਉਤਰਦਾ ਹਾਂ। ਮੇਰੇ ਕਿਸੇ ਦੋਸਤ (ਫਿਰ ਸੰਕੇਤ ਭਾਈ ਰਣਧੀਰ ਸਿੰਘ ਵਲ ਹੈ) ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ: "ਦੇਖੀਂ ਆਪਣੇ ਅਖੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆਂ ਤੇ ਪਸਤੀ ਵਾਲੀ ਗੱਲ ਹੋਵੇਗੀ। ਖੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈਂ ਹੈ? ਜੇ ਹੈ, ਤਾਂ ਮੈਨੂੰ ਹਉਮੈ ਚੰਗੀ ਲਗਦੀ ਹੈ।" (ਦੇਖੋ 'ਮੈਂ ਨਾਸਤਿਕ ਕਿਉਂ ਹਾਂ' ਸਫ਼ਾ 34)

ਹੁਣ ਕੁਝ ਤੱਥ ਕਿ ਇਹ ਮੁਲਾਕਾਤ ਕਿਵੇਂ ਹੋਈ? ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਨੇ ਅਤੇ ਬੀਬੀ ਅਮਰ ਕੌਰ, ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਨੇ ਜੋ ਲੇਖਕ ਨੂੰ ਦੱਸਿਆ ਉਹ ਹੈ ਕਿ ਬਾਬਾ ਤੇਜਾ ਸਿੰਘ ਚੂਹੜ ਕਾਣਾ ਤੇ ਬਾਬਾ ਹਰਨਾਮ ਸਿੰਘ ਕਾਲਾ ਸੰਘਿਆ ਸਾਰੇ ਕੈਦੀਆਂ ਨੂੰ ਦੁੱਧ ਵੰਡਣ ਦੇ ਜ਼ਿੰਮੇਂਵਾਰ ਸਨ। ਉਹ ਸ਼ਹੀਦ ਭਗਤ ਸਿੰਘ ਦੀ ਬੀ ਕਲਾਸ ਦੇ ਵਾਰਡ ਵਲ ਵੀ ਜਾਂਦੇ ਸਨ, ਤਾਂ ਭਾਈ ਰਣਧੀਰ ਸਿੰਘ ਦੇ ਲਾਹੌਰ ਜ਼ੇਲ੍ਹ ਆਉਣ ਦੀ ਖਬਰ ਉਹਨਾਂ ਦਿੱਤੀ। ਭਗਤ ਸਿੰਘ ਦਾ 1914-15 ਦੇ ਗਦਰੀ ਬਾਬਿਆਂ ਲਈ ਬਹੁਤ ਸਤਿਕਾਰ ਸੀ ਸੋ ਉਹਨਾਂ ਨੇ ਮੁਲਕਾਤ ਲਈ ਸੁਨੇਹਾ ਭੇਜਿਆ। ਭਾਈ ਸਾਹਿਬ ਨੇ ਸ਼ਹੀਦ ਦੇ ਵਾਲ ਕੱਟੇ ਹੋਣ ਕਰਕੇ ਮਿਲਣੋਂ ਨਾਂਹ ਕਰ ਦਿੱਤੀ। ਇਸਦੇ ਜਵਾਬ ਵਿਚ ਭਗਤ ਸਿੰਘ ਨੇ ਚਿੱਟ ਲਿਖਕੇ ਭੇਜੀ ਕਿ 'ਮੈਂ ਸਿੱਖੀ ਦੀ ਬੰਦ 2 ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਸਗੋਂ ਦੇਸ਼ ਲਈ, ਜਲਦੀ ਹੀ ਗਰਦਨ ਵੀ ਕਟਵਾਵਾਂਗਾ। ਪਰ ਸਿੱਖ ਦੀ ਤੰਗ ਨਜ਼ਰੀ ਤੇ ਤੰਗ ਦਿਲੀ ਦਾ ਗਿਲ੍ਹਾ ਜ਼ਰੂਰ ਰਹੇਗਾ।" ਇਹ ਪੜ੍ਹ ਕੇ ਭਾਈ ਸਾਹਿਬ ਨੇ ਮੁਲਾਕਾਤ ਲਈ ਹਾਂ ਕੀਤੀ ਸੀ।

ਆਓ ਹੁਣ ਦੇਖੀਏ ਕਿ ਭਗਤ ਸਿੰਘ ਆਖਰੀ ਵਕਤ ਕਿਵੇਂ ਬਿਤਾ ਰਿਹਾ ਸੀ। ਸਾਰੇ ਪਰਵਾਰ ਦੀ ਆਖਰੀ ਮੁਲਾਕਾਤ 3 ਮਾਰਚ 1931 ਨੂੰ ਹੋਈ। ਭਗਤ ਸਿੰਘ ਹਸੂੰ ਹਸੂੰ ਕਰਦੇ ਸਨ। ਉਸੇ ਸ਼ਾਮ ਦੋਨਾਂ ਭਰਾਵਾਂ ਨੂੰ ਖਤ ਲਿਖੇ ਤੇ ਕਹਿ ਰਹੇ ਹਨ।

"ਮੇਰੇ ਅਜ਼ੀਜ਼, ਮੇਰੇ ਬਹੁਤ ਬਹੁਤ ਪਿਆਰੇ ਭਾਈ ਜ਼ਿੰਦਗੀ ਬੜੀ ਸਖਤ ਹੈ ਅਤੇ ਦੁਨੀਆਂ

ਬੜੀ ਬੇਮੁਰਬਤ । ਸਾਰੇ ਲੋਂਗ ਬੜੇ ਬੇਰਹਿਮ ਹਨ । ਸਿਰਫ ਮੁਹਬਤ ਅਤੇ ਹੌਂਸਲੇ ਨਾਲ ਹੀ ਗੁਜ਼ਾਰਾ ਹੋ ਸਕੇਗਾ ।'' ਸਲਾਹ ਦੇ ਰਹੇ ਨੇ ਕਿ ਸਿਰਫ ਮੁਹੱਬਤ ਤੇ ਹੌਂਸਲਾ ਹੀ ਕੰਮ ਆਉਂਦੇ ਹਨ । ਕੋਈ ਹੋਰ ਸਹਾਰਾ ਨਹੀਂ । ਤੇ

ਮੇਰੀ ਹਵਾ ਮੇਂ ਰਹੇਗੀ ਖਿਆਲ ਕੀ ਬਿਜਲੀ,
ਯਾ ਮੁਸ਼ਤੇ ਖ਼ਾਕ ਹੈ ਫਾਨੀ, ਰਹੇ, ਰਹੇ ਨਾ ਰਹੇ ।

ਫਿਰ ਲਾਹੌਰ ਜੇਲ੍ਹ ਦੇ ਚੀਫ ਵਾਰਡਰ ਸਰਦਾਰ ਚਤਰ ਸਿੰਘ ਨੇ ਦੱਸਿਆ ਸੀ, ਕਿ 23 ਮਾਰਚ, ਸ਼ਾਮੀ ਤਿੰਨ ਵਜੇ ਜਦ ਉਸ ਨੂੰ ਫਾਂਸੀ ਦਾ ਪਤਾ ਲਗਾ ਤਾਂ ਉਹ ਭਗਤ ਸਿੰਘ ਕੋਲ ਗਿਆ ਅਤੇ ਕਿਹਾ ਕਿ "ਮੇਰੀ ਕੇਵਲ ਇਕ ਦਰਖਾਸਤ ਹੈ ਕਿ ਹੁਣ ਆਖਰੀ ਸਮੇਂ ਤਾਂ ਵਾਹਿਗੁਰੂ ਦਾ ਦਾ ਨਾਂ ਲੈ ਲਓ ਅਤੇ ਗੁਰਬਾਣੀ ਦਾ ਪਾਠ ਕਰ ਲਓ ।"

ਸਰਦਾਰ ਭਗਤ ਸਿੰਘ ਨੇ ਜ਼ੋਰ ਦੀ ਹੱਸ ਕੇ ਕਿਹਾ, "ਤੁਹਾਡੇ ਪਿਆਰ ਦਾ ਧੰਨਵਾਦੀ ਹਾਂ । ਪਰ ਹੁਣ ਜਦੋਂ ਕਿ ਆਖਰੀ ਵੇਲਾ ਆ ਗਿਆ ਹੈ, ਮੈਂ ਪਰਮਾਤਮਾ ਨੂੰ ਯਾਦ ਕਰਾਂ, ਤਾਂ ਉਹ ਕਹਿਣਗੇ ਮੈਂ ਬੁਜ਼ਦਿਲ ਹਾਂ । ਸਾਰੀ ਉਮਰ ਤਾਂ ਮੈਂ ਉਸ ਨੂੰ ਯਾਦ ਨਹੀਂ ਕੀਤਾ, ਤੇ ਹੁਣ ਮੌਤ ਸਾਹਮਣੇ ਨਜ਼ਰ ਆਉਣ ਲਗੀ ਹੈ, ਤਾਂ ਰੱਬ ਨੂੰ ਯਾਦ ਕਰਨ ਲੱਗਾ ਹੈ । ਇਸ ਲਈ ਚੰਗਾ ਇਹ ਹੀ ਹੋਵੇਗਾ ਕਿ ਮੈਂ ਜਿਵੇਂ ਪਹਿਲਾਂ ਆਪਣਾ ਜੀਵਨ ਬਿਤਾਇਆ ਹੈ, ਉਸੇ ਤਰ੍ਹਾਂ ਹੀ ਆਖਰੀ ਵਕਤ ਗੁਜ਼ਾਰਾਂ । ਮੇਰੇ ਤੇ ਇਹ ਇਲਜਾਮ ਤਾਂ ਕਈ ਲਗਾਣਗੇ ਕਿ ਮੈਂ ਨਾਸਤਕ ਸੀ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਨਹੀਂ ਕੀਤਾ, ਪਰ ਇਹ ਤਾਂ ਕੋਈ ਨਹੀਂ ਆਖੇਗਾ ਕਿ ਭਗਤ ਸਿੰਘ ਬੁਜ਼ਦਿਲ ਤੇ ਬੇਈਮਾਨ ਵੀ ਸੀ ਅਤੇ ਆਖਰੀ ਵਕਤ ਮੌਤ ਨੂੰ ਸਾਹਮਣੇ ਵੇਖਕੇ ਉਸ ਦੇ ਪੈਰ ਲੜਖੜਾਣ ਲੱਗੇ ।" (ਯੁਗ ਪੁਰਸ਼ ਭਗਤ ਸਿੰਘ ਸਫ਼ਾ 346 ਅਤੇ ਪ੍ਰੋ. ਦੀਦਾਰ ਸਿੰਘ)

ਦੂਸਰੇ ਵਿਅਕਤੀ ਜੋ ਆਖਰੀ ਦਿਨ ਭਗਤ ਸਿੰਘ ਨੂੰ ਮਿਲੇ ਉਹ ਉਹਨਾਂ ਦੇ ਸਲਾਹਕਾਰ ਵਕੀਲ ਪ੍ਰਾਣਨਾਥ ਮਹਿਤਾ ਸਨ । ਇਕ ਦਿਨ ਪਹਿਲਾਂ ਸ਼ਹੀਦ ਭਗਤ ਸਿੰਘ ਨੇ ਲੈਨਿਨ ਦੀ ਜੀਵਨੀ ਦੀ ਮੰਗ ਕੀਤੀ ਸੀ, ਸੋ ਆਖਰੀ ਦਿਨ ਸ੍ਰੀ ਮਹਿਤਾ ਭਗਤ ਸਿੰਘ ਨੂੰ ਦੇ ਗਏ । ਆਖਰੀ ਵਕਤ ਤਕ ਉਹ ਬੜੀ ਨਿਸ਼ਠਾ ਤੇ ਇਕਾਗਰ ਮਨ ਨਾਲ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ ਅਤੇ ਜਦ ਜੇਲ੍ਹ ਦੇ ਕਰਮਚਾਰੀ ਲੈਣ ਆਏ ਤਾਂ ਉਹਨਾਂ ਕਿਹਾ "ਠਹਿਰੋ, ਇਕ ਇਨਕਲਾਬੀ ਨੂੰ ਦੂਸਰੇ ਇਨਕਲਾਬੀ ਨਾਲ ਮਿਲਣ ਵਿਚ ਰੌਲਾ ਨਾ ਪਾਓ ।"

ਇਤਿਹਾਸ ਸਾਥੋਂ ਮੰਗ ਕਰਦਾ ਹੈ ਕਿ ਅਸੀਂ ਆਪਣੀ ਸੂਝ ਬੂਝ ਨਾਲ ਕੁਰਬਾਨੀ ਕਰ ਗਏ ਸ਼ਹੀਦਾਂ ਨੂੰ ਸਮਝੀਏ ਅਤੇ ਤੰਗ ਨਜ਼ਰੀਏ ਦੇ ਸ਼ਿਕਾਰ ਹੋਣੋਂ ਬਚੀਏ । ਜਿਵੇਂ ਕਿ ਉਪਰ ਦੇਖਿਆ ਗਿਆ ਹੈ ਕਿ ਅਜੇ ਕਲ੍ਹ ਦਾ ਤਾਜ਼ਾ ਇਤਹਾਸ ਜੇ ਭੁਲੇਖੇ ਪਾ ਕੇ ਬੇਰੁਖ ਕੀਤਾ ਜਾ ਸਕਦਾ ਹੈ ਤਾਂ ਫਿਰ ਕੁਝ ਦੂਰ ਦੇ ਕੱਲ ਦਾ ਇਤਿਹਾਸ ਤਾਂ ਹੋਰ ਵੀ ਗਹਿਰੀ ਵਿਗਿਆਨੀ ਸੋਚ ਦਾ ਸੰਦ ਮੰਗਦਾ ਹੈ । ਇਹ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਤਾਕਤ ਹੈ ਅਤੇ ਸਾਡੀ ਖੁਸ਼ਕਿਸਮਤੀ ਹੈ ਕਿ ਉਹ ਬੜੇ ਥੋੜੇ ਅਰਸੇ ਵਿਚ ਬਹੁਤ ਕੁਝ ਆਪਣੀ ਕਲਮ ਨਾਲ ਲਿਖ ਗਏ ਹਨ ਤੇ ਉਹਨਾਂ ਬਾਰੇ ਤੰਗ ਨਜ਼ਰੀਏ ਤੋਂ ਯਾਂ ਖੁਦ ਗਰਜ਼ੀ ਲਈ ਭੁਲੇਖੇ ਨਹੀਂ ਪਾਏ ਜਾ ਸਕਦੇ । ਪਰ ਨੌਜਵਾਨਾਂ ਨੂੰ ਚੇਤੰਨ ਹੋਣਾ ਚਾਹੀਦਾ ਹੈ ਕਿ ਅਤੇ ਸ਼ਹੀਦ ਭਗਤ ਸਿੰਘ ਦਾ ਇਹ ਕਿਹਾ ਅਪਨਾਣਾ ਚਾਹੀਦਾ ਹੈ "ਪੜ੍ਹੋ, ਅਲੋਚਨਾ ਕਰੋ, ਸੋਚੋ ਅਤੇ ਇਹਦੀ (ਇਤਹਾਸ) ਦੀ ਮਦਦ ਨਾਲ ਆਪਣੇ ਵਿਚਾਰ ਬਨਾਉਣ ਦੀ ਕੋਸ਼ਿਸ਼ ਕਰੋ ।" ●

(PANJAB, INDIA)


ਆਈ. ਐੱਸ. ਸੰਧੂ
ਰੂਫਿੰਗ
ਫੋਨ: 461-4727

* ਕਿਸੇ ਨੇ ਛੱਤ ਦੀ ਮੁਰੰਮਤ ਕਰਵਾਉਣੀ ਹੋਵੇ
* ਕਿਸੇ ਨੇ ਨਵੀਂ ਛੱਤ ਲਵਾਉਣੀ ਹੋਵੇ
* ਕਿਸੇ ਦੇ ਘਰ ਵਿੱਚ ਪਾਣੀ ਜਾਂਦਾ ਹੋਵੇ
* ਕਿਸੇ ਨੇ ਬੇਸਮੈਂਟ ਵਿੱਚ ਨਵੀਂ ਤਾਕੀ ਲਵਾਉਣੀ ਹੋਵੇ

ਤਾਂ
ਹਮੇਸ਼ਾਂ ਯਾਦ ਰੱਖੋ
ਆਈ. ਐੱਸ. ਸੰਧੂ ਨੂੰ
•
I. S. SANDHU
ROOFING
New Roofs / Built-Up Roofing
Shingling / Re-Roofing /
Roof Repairs / Water-proofing
For free Estimates
PHONE: 461-4727



Jay's Travel Ltd.
10421 - 80 Avenue, Edmonton, Alta. T6E 1V1
Ph. 403(432-7017)-4 lines
COMPLETE TRAVEL
SERVICE—WORLDWIDE
*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*
UNBEATABLE RATES TO
*India, Pakistan, Sri Lanka, East Africa and Lebanon*
Jay's Travel Ltd.

# ਸ਼ਹੀਦ ਭਗਤ ਸਿੰਘ (ਕਾਵਿ ਪ੍ਰਮਾਣ) - ਪ੍ਰੋ: ਦੀਦਾਰ ਸਿੰਘ

ਹੇਠਾਂ ਅਸੀਂ ਕੇਸਰ ਸਿੰਘ 'ਕੇਸਰ' ਵੱਲੋਂ ਲਿਖੇ ਗਏ, ਸ਼ਹੀਦ ਭਗਤ ਸਿੰਘ (ਕਾਵਿ ਪ੍ਰਮਾਣ) ਪੁਸਤਕ ਦੇ ਮੁਖ-ਬੰਧ ਦੇ ਚੋਣਵੇਂ ਅੰਸ਼ ਪੇਸ਼ ਕਰ ਰਹੇ ਹਾਂ। ਪ੍ਰੋ: ਜਗਮੋਹਨ ਸਿੰਘ ਨੇ ਇਸ ਪੁਸਤਕ ਨੂੰ ਕਿੱਸਾ-ਮਹਾਂਕਾਵਿ ਦਾ ਨਾਮ ਦਿੰਦਿਆਂ ਲਿਖਿਆ ਹੈ: "ਇਸ ਕਿੱਸੇ ਦੀ ਖੂਬੀ ਇਹ ਹੈ ਕਿ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਉਸੇ ਗਹਿਰਾਈ ਤੇ ਪਕਿਆਈ ਨਾਲ ਲਿਖਿਆ ਗਿਆ ਹੈ ਜਿਸ ਨਾਲ ਸ਼ਹੀਦਾਂ ਨੇ ਕਹੇ ਸਨ।" ਪੁਸਤਕ ਦੇ ਲੇਖਕ ਪ੍ਰੋ: ਦੀਦਾਰ ਸਿੰਘ 30 ਨਵੰਬਰ 82 ਨੂੰ ਸਦੀਵੀ ਵਿਛੋੜਾ ਦੇ ਗਏ। ਦਿੱਤਾ ਜਾ ਰਿਹਾ ਲੇਖ ਪ੍ਰੋ: ਦੀਦਾਰ ਸਿੰਘ ਦੀ ਕਾਵਿ-ਕਲਾ, ਕੇਸਰ ਸਿੰਘ 'ਕੇਸਰ' ਦੀ ਆਲੋਚਨਾ-ਕਲਾ ਅਤੇ ਸ਼ਹੀਦ ਭਗਤ ਸਿੰਘ ਦੀ ਵਿਚਾਰ-ਧਾਰਾ ਨੂੰ ਸਮਝਣ ਵਿੱਚ ਮੱਦਦਗਾਰ ਹੋਵੇਗਾ। ਸੰਖੇਪਤ ਕਿੱਸੇ ਵਿੱਚੋਂ ਅਸੀਂ ਕੁਝ ਮਹੱਤਵ-ਪੂਰਨ ਅੰਸ਼ ਵੀ ਛਾਪ ਰਹੇ ਹਾਂ।

- ਅਦਾਰਾ ਵਤਨੋਂ ਦੂਰ

ਮਹਾਂ-ਕਾਵਿ 'ਸ਼ਹੀਦ ਭਗਤ ਸਿੰਘ' ਨਾਮੁਕੰਮਲ ਸਪਤਾਂਗ ਦਾ ਅੰਗ ਹੁੰਦੇ ਹੋਏ ਵੀ ਇਕ ਮੁਕੰਮਲ ਇਤਿਹਾਸਕ-ਜੀਵਨੀਆਤਮਕ ਰਚਨਾ ਹੈ। ਕਵੀ ਨੇ ਇਸ ਨੂੰ ਕਾਵਿ-ਪ੍ਰਮਾਣ ਜਾਂ ਕਾਵਿਕ ਦਸਤਾਵੇਜ਼ ਕਿਹਾ ਹੈ, ਕਿਉਂਕਿ ਇਸ ਦੀ ਵਸਤੂ-ਸਾਮੱਗਰੀ ਕਵੀ ਦੀ ਲੰਬੀ ਤੱਥ-ਖੋਜ ਤੇ ਬਹੁਤ ਸਾਰੀਆਂ ਇਤਿਹਾਸਕ ਲਿਖਤਾਂ ਦੇ ਸੁਮੇਲ ਨਾਲ ਹੋਂਦ ਵਿਚ ਆਈ ਹੈ। ਇਹ ਸਾਮੱਗਰੀ ਇਸ ਮਹਾਂ-ਕਾਵਿ ਦੇ ਤਿੰਨ ਪ੍ਰਮੁੱਖ ਵਿਸ਼ਿਆਂ ਨੂੰ ਪ੍ਰਮਾਣਿਤ ਕਰਦੀ ਹੈ: (੧) ਸ਼ਹੀਦ ਭਗਤ ਸਿੰਘ ਦਾ ਖ਼ਾਨਦਾਨੀ ਪਿਛੋਕੜ ਤੇ ਉਸ ਦੇ ਜੀਵਨ ਦੀਆਂ ਰਾਜਸੀ ਘਟਨਾਵਾਂ, (੨) ਭਾਰਤ ਦੇ ਆਜ਼ਾਦੀ-ਘੋਲ ਦੀ ਇਕ ਬਲਵਾਨ ਜਥੇਬੰਦੀ, ਹਿੰਦੁਸਤਾਨ ਰਿਪਬਲਿਕਨ ਸੋਸ਼ਲਿਸਟ ਆਰਮੀ (ਹਰਸਾ) ਦਾ ਮੰਤਵ, ਪ੍ਰੋਗਰਾਮ ਤੇ ਸੰਗਰਾਮ ਅਤੇ (੩) ਇਕ ਦਹਾਕੇ (੧੯੨੧-੩੧) ਦੀ ਰਾਸ਼ਟਰੀ-ਅੰਤਰ ਰਾਸ਼ਟਰੀ ਰਾਜਨੀਤੀ, ਇਸ ਦਾ ਪਿਛੋਕੜ ਤੇ ਭਵਿੱਖ। ਇਹ ਤਿੰਨੇ ਵਿਸ਼ੇ ਇਕ-ਦੂਜੇ ਵਿਚ ਘਿਓ-ਖਿਚੜੀ ਹਨ ਤੇ ਇਨ੍ਹਾਂ ਦੀ ਇਕਸੁਰਤਾ ਕਵੀ ਦੀ ਮੌਲਿਕ ਤੱਥ-ਖੋਜ ਤੇ ਕਲਪਨਾ ਸ਼ਕਤੀ ਦਾ ਸਬੂਤ ਹੈ। ਆਪਣੀ ਖੋਜ ਨੂੰ ਇਤਿਹਾਸਕ ਦਸਤਾਵੇਜ਼ਾਂ ਵਿਚ ਸਮੋਣ ਲਈ ਦੀਦਾਰ ਸਿੰਘ ਨੇ ਸਿੱਧੇ ਸਪਾਟ ਬ੍ਰਿਤਾਂਤ ਤੇ ਲੋਕ-ਛੰਦ-ਵਿਧਾਨ ਨੂੰ ਕੁਝ ਥਾਈਂ ਛੱਡ ਕੇ, ਨਾਟਕੀ ਸ਼ੈਲੀ, ਮਿੱਥ-ਕਥਾ, ਸੁਪਨ-ਕਥਾ, ਮਨੋ-ਬਚਨੀ, ਗ਼ਜ਼ਲ ਜਿਹੇ ਕਾਵਿ-ਰੂਪ ਤੇ ਆਧੁਨਿਕ ਛੰਦ-ਵਿਧਾਨ ਦੀ ਵਰਤੋਂ ਵੀ ਕੀਤੀ ਹੈ। ਪਰ ਉਹ ਇਸ ਗੱਲੋਂ ਸੁਚੇਤ ਰਹੇ ਹਨ ਕਿ ਇਸ ਮਹਾਂ-ਕਾਵਿ ਦੀ ਰਚਨਾ ਕੇਵਲ ਪੜ੍ਹਨ ਲਈ ਨਹੀਂ, ਸਗੋਂ ਲੋਕ-ਮਹਿਫ਼ਲਾਂ ਵਿਚ ਗਾ ਕੇ ਸੁਣਾਉਣ ਲਈ ਕੀਤੀ ਜਾ ਰਹੀ ਹੈ (ਇਸ ਦੇ ਲਈ ੩੦ ਸਾਲਾਂ ਦੀ ਨਿਰੰਤਰ ਲਗਨ ਨਾਲ ਇਕੱਠੇ ਕੀਤੇ ਜ਼ਬਾਨੀ ਤੱਥਾਂ ਵਿਚੋਂ ਜਿਹੜੇ ਕਵਿਤਾਏ ਨਹੀਂ ਸਨ ਜਾ ਸਕਦੇ, ਉਹ ਉਨ੍ਹਾਂ ਨੇ ਇਸੇ ਵਿਸ਼ੇ ਉਤੇ ਵਾਰਤਕ ਵਿਚ ਇਕ ਵੱਡਾ ਨਾਵਲ ਲਿਖਣ ਲਈ ਰੱਖ ਲਏ ਸਨ, ਜੋ ਛੱਪਿਆ ਹੀ ਨਹੀਂ ਜਾ ਸਕਿਆ)। ਇਸੇ ਮਨੋਰਥ-ਵੱਸ ਇਸ ਰਚਨਾ ਵਿਚ ਪ੍ਰਮੁੱਖ ਰੂਪ ਵਿਚ ਬ੍ਰਿਤਾਂਤਕ ਸ਼ੈਲੀ ਤੇ ਲੋਕ-ਛੰਦਾਂ (ਦਵੱਈਆ, ਸੱਦ, ਨਿਸ਼ਾਨੀ, ਬੈਂਤ, ਦੋਹਿਰਾ ਆਦਿ) ਦੀ ਹੀ ਵਰਤੋਂ ਕੀਤੀ ਗਈ ਹੈ। ਇਸ ਦੀ ਬੋਲੀ ਸਰਲ, ਪਰ ਮੁਹਾਵਰੇਦਾਰ ਤੇ ਅਲੰਕਾਰਕ ਹੈ। ਉਦਾਹਰਣ ਲਈ:

ਚੜ੍ਹੇ ਜਵਾਨੀ ਭਗਤ ਨੂੰ, ਜਿਉਂ ਕਾਲੇ ਬੱਦਲੋਂ ਬੱਗ।
ਜਿਉਂ ਸਜਦੇ ਗਈ ਜਮਾਤ ਚੋਂ, ਖੜ੍ਹ ਜਾਏ ਕੋਈ ਅਲੱਗ।
ਜਾ ਝੁਕਿਆਂ ਟੋਡੀ ਸਿਰਾਂ ਚੋਂ, ਕੋਈ ਸ਼ਮਲੇ ਵਾਲੀ ਪੱਗ।

ਮਮਤਾ, ਫੁੱਲ, ਖਿਆਲ ਦਾ ਮੁੱਲ ਕੋਈ ਨਾ,
ਗੱਲ ਟੁੱਕ ਗਏ ਮਹਾਂ-ਖਿਆਲੀਏ ਨੀ।
ਕੰਮ ਫੁੱਲ ਦਾ ਮਹਿਕ ਤੇ ਰੰਗ ਦੇਣਾ,
ਮੁੱਲ ਵੱਟ ਕੇ ਗਿੱਲ ਨਾ ਗਾਲੀਏ ਨੀ।
ਇਕ ਫੁੱਲ ਦੀ ਲਾਲਗੀ ਦਾਨ ਕਰਦੇ,
ਫੁੱਲਾਂ ਨਾਲ ਚਰੁੱਚੀਏ ਡਾਲੀਏ ਨੀ।
ਸਹਿਜੇ ਵਾਰ ਦੇਹ ਪੁੱਤ ਨੂੰ ਕੌਮ ਉਤੋਂ,
ਮਾਤਾ ਦੁੱਧ ਤੇ ਪੁੱਤਰਾਂ ਵਾਲੀਏ ਨੀ।

ਇਹ ਮੁਹਾਵਰੇ, ਅਲੰਕਾਰ, ਬੋਲੀ ਦੀ ਸਾਦਗੀ ਤੇ ਲੋਕ-ਛੰਦ ਇਸ ਰਚਨਾ ਦੀ ਕਾਵਿਕਤਾ ਵਿਚ ਵਾਧਾ ਕਰਦੇ ਹਨ, ਪਰ ਇਸ ਦੀ ਅਸਲ ਸਾਹਿੱਤਕ ਸ਼ਕਤੀ ਵਿਸ਼ੇ ਤੇ ਨਾਇਕ ਦੀ ਚੋਣ ਤੇ ਕਵੀ ਦੀ ਵਿਚਾਰਧਾਰਕ ਸਚਿਆਈ ਤੇ ਪਕਿਆਈ ਵਿਚ ਹੈ। ਇਸ ਦਾ ਕੇਂਦਰੀ ਵਿਸ਼ਾ ਹੈ ਮਾਨਵਵਾਦੀ ਸਮਾਜ ਦੀ ਸਿਰਜਣਾ ਲਈ ਲੋਕ-ਸੰਗਰਾਮ; ਇਸ ਦਾ ਨਾਇਕ ਉਸ ਸੰਗਰਾਮ ਦੀ ਰੂਹ ਹੈ ਤੇ ਕਵੀ, ਮਾਨਵੀ ਉਦੇਸ਼ਾਂ ਦੀ ਤੰਦ ਨਾਲ, ਆਪਣੇ ਨਾਇਕ ਨਾਲ ਬੱਝਾ ਹੋਇਆ ਹੈ। ਇਉਂ ਨਾਇਕ ਤੇ ਕਵੀ ਇਕੋ ਵਿਚਾਰਧਾਰਕ ਪੱਧਰ ਉਤੇ ਵਿਚਰ ਰਹੇ ਹਨ। ਕਵੀ ਲਈ ਨਾਇਕ ਕੇਵਲ ਮਾਧਿਅਮ ਨਹੀਂ, ਇਸ਼ਟ ਵੀ ਹੈ:

ਨਾ ਕੋਈ ਅੱਲਾ ਸੇਵਾਂ ਸੂਰਿਆ, ਨਾ ਕੋਈ ਰੱਬ ਧਿਆਂ।
ਤੇਰੀ ਵਾਰਤਾ ਛੋਹਾਂ ਸ਼ਹੀਦਾ, ਲੈ ਕੇ ਤੇਰਾ ਨਾਂ।

ਦੀਦਾਰ ਸਿੰਘ ਨੇ ਨਾਇਕ ਦੀ ਸ਼ਖਸੀ ਖ਼ੂਬਸੂਰਤੀ, ਆਚਰਣ, ਬੁੱਧੀ, ਗਿਆਨ ਤੇ ਰਾਜਨੀਤਮਕ ਅਮਲ ਨੂੰ ਇਸੇ ਭਾਵੁਕ ਲਗਾਓ ਨਾਲ ਉਘਾੜਿਆ ਹੈ। ਉਹ ਉਸ ਨੂੰ ਕੇਵਲ ਇਕ ਸ਼ਖਸ ਦੇ ਰੂਪ ਵਿਚ ਹੀ ਨਹੀਂ, ਗਿਆਨ, ਸਿਆਣਪ ਤੇ ਸੂਰਮਗਤੀ ਦੇ ਚਿੰਨ੍ਹ ਵਜੋਂ ਵੀ ਪੇਸ਼ ਕਰਦੇ ਹਨ। ਉਨ੍ਹਾਂ ਦਾ ਇਸ਼ਟ, ਅਸਲ ਵਿਚ, ਸ਼ਖਸ ਨਹੀਂ, ਚਿੰਨ੍ਹ ਹੈ। ਇਸ ਚਿੰਨ੍ਹ ਨੂੰ ਉਨ੍ਹਾਂ ਨੇ ਭਗਤ ਸਿੰਘ ਤੋਂ ਲੈ ਕੇ ਉਸ ਦੇ ਸਾਥੀਆਂ, ਭਾਰਤੀ ਇਤਿਹਾਸ ਦੇ ਹੋਰ ਨਾਇਕਾਂ, ਲੈਨਿਨ, ਈਸਾ ਮਸੀਹ, ਸੁਕਰਾਤ ਤੇ ਕੁਕਨੂਸ ਦੀ ਮਿੱਥ ਤਕ ਵਿਸਤਾਰਿਆ ਹੈ। ਕੁਕਨੂਸ ਭਗਤ ਸਿੰਘ ਦੇ ਚਰਿੱਤਰ ਤੇ ਅਮਰ ਮਾਨਵਤਾ ਦਾ ਪ੍ਰਤੀਕ ਹੈ। ਇਨਕਲਾਬ, ਪਿਆਰ, ਖੁਦਕੁਸ਼ੀ ਤੇ ਸਾਹਿੱਤ ਬਾਰੇ ਅਤੇ ਵਿਅਕਤੀ ਦੇ ਇਤਿਹਾਸਕ ਰੋਲ ਬਾਰੇ ਲੇਖਕ ਤੇ ਨਾਇਕ ਦੀ ਵਿਚਾਰ-ਧਾਰਾ ਇਕ-ਮਿਕ ਹੈ। ਇਉਂ ਇਹ ਰਚਨਾ ਸ੍ਵੈ-ਪ੍ਰਗਟਾਵਾ ਵੀ ਹੈ।

ਦੀਦਾਰ ਸਿੰਘ ਜੀਵਨ ਦੀ ਵੰਨ-ਸੁਵੰਨਤਾ ਨੂੰ ਇਸ ਦੀ ਸਮੁੱਚਤਾ ਵਿਚ ਦੇਖਦੇ ਰਹੇ ਹਨ ਤੇ ਉਨ੍ਹਾਂ ਦੀ ਕਿਰਦਾਰ-ਸਿਰਜਣ ਦੀ ਕਲਾ ਵੀ ਇਸੇ ਦ੍ਰਿਸ਼ਟੀ ਦੇ ਅਧੀਨ ਹੈ। ਜਿਵੇਂ ਉਨ੍ਹਾਂ ਵੀ ਸਾਹਿੱਤਕ ਵਿਉਂਤ-ਬੰਦੀ ਵਿਚ ਚਾਰਵਾਕ, ਗੁਰੂ ਗੋਬਿੰਦ ਸਿੰਘ ਤੇ ਭਗਤ ਸਿੰਘ, ਆਪੋ-ਆਪਣੀ ਵਿਅਕਤੀਗਤ ਤੇ ਦਾਰਸ਼ਨਿਕ-ਇਤਿਹਾਸਕ ਸੀਮਾ ਵਿਚ ਰਹਿੰਦੇ ਹੋਏ ਵੀ, ਇਕੋ ਵਿਚਾਰ-ਲੜੀ ਵਿਚ ਪਰੁੰਚੇ ਹੋਏ ਹਨ, ਉਸੇ ਤਰ੍ਹਾਂ ਇਸ ਮਹਾਂ-ਕਾਵਿ ਦੇ ਸਾਰੇ ਪਾਤਰ (ਰਾਜਗੁਰੂ, ਸੁਖਦੇਵ, ਭਗਵਤੀਚਰਣ, ਦੁਰਗਾ ਭਾਬੀ, ਬਾਬਾ ਅਰਜਨ ਸਿੰਘ ਤੇ ਭਗਤ ਸਿੰਘ ਦੇ ਪਰਿਵਾਰ ਦੇ ਹੋਰ ਜੀਅ ਅਤੇ ਆਸਿਫ ਅਲੀ ਵਕੀਲ) ਭਗਤ ਸਿੰਘ ਦੇ ਕਿਰਦਾਰ ਦਾ ਹੀ ਅੰਗ ਹਨ। ਇਨ੍ਹਾਂ ਸਭ ਦੇ ਸ਼ਖਸੀ ਗੁਣਾਂ ਰਾਹੀਂ ਇਕੋ ਮਹਾਂ-ਕਾਵਿਕ ਨਾਇਕ ਦੇ ਕਿਰਦਾਰ ਦੀ ਰਚਨਾ ਕੀਤੀ ਗਈ ਹੈ, ਜਿਸ ਦੀਆਂ ਸੰਭਾਵਨਾਵਾਂ ਦੀ ਮਨੁੱਖੀ ਸੀਮਾ ਲੈਨਿਨ ਹੈ ਤੇ ਪ੍ਰਤੀਕਾਤਮਕ ਸੀਮਾ ਕੁਕਨੂਸ।

ਯਥਾਰਥਵਾਦੀ ਸਾਹਿੱਤ-ਸਿੱਧਾਂਤ ਅਨੁਸਾਰ ਇਹੋ ਟਾਈਪ, ਅਰਥਾਤ ਨਮੂਨਾ-ਪਾਤਰ ਦੀ ਸਿਰਜਣਾ ਅਖਵਾਉਂਦੀ ਹੈ। ਨਮੂਨਾ-ਪਾਤਰ ਔਸਤ ਪਾਤਰ ਦੀ ਰਚਨਾ ਨਹੀਂ ਹੁੰਦੀ, ਸਗੋਂ ਇਕ ਅਜਿਹੇ ਕਿਰਦਾਰ ਦੀ ਰਚਨਾ ਹੈ ਜਿਸ ਦੀਆਂ ਨਿੱਜੀ ਵਿਸ਼ੇਸ਼ਤਾਵਾਂ ਰਾਹੀਂ ਸਰਬ ਸਾਂਝੇ ਮਾਨਵੀ ਗੁਣਾਂ-ਲੱਛਣਾਂ ਨੂੰ ਸਾਕਾਰ ਕੀਤਾ ਜਾਂਦਾ ਹੈ। ਦੀਦਾਰ ਸਿੰਘ ਇਸ ਸਿੱਧਾਂਤ ਤੋਂ ਭਲੀ ਭਾਂਤ ਵਾਕਿਫ਼ ਸਨ, ਉਹ ਜਾਣਦੇ ਸਨ ਕਿ ਹਰ ਵਿਅਕਤੀ ਨੂੰ ਸਮਾਜਕ ਤੇ ਆਰਥਕ-ਰਾਜਨੀਤਕ ਸ਼ਕਤੀਆਂ ਉਤਪੰਨ ਕਰਦੀਆਂ ਹਨ, ਪਰ ਉਤਪੰਨ ਹੋ ਕੇ ਉਹ ਵੀ ਇਨ੍ਹਾਂ ਸ਼ਕਤੀਆਂ ਦੀ ਉਸਾਰੀ ਤੇ ਆਪਣੀ ਸੰਸਕ੍ਰਿਤੀ ਦੀ ਸਿਰਜਣਾ ਵਿਚ ਹਿੱਸੇਦਾਰ ਹੁੰਦਾ ਹੈ। ਇਹ ਗੱਲ ਇਸ ਮਹਾਂ-ਕਾਵਿ ਵਿਚ ਪੂਰੀ ਤਰ੍ਹਾਂ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜੇ ਭਗਤ ਸਿੰਘ ਨਾ ਹੁੰਦਾ ਤਾਂ ਇਤਿਹਾਸ ਨੇ ਕੋਈ ਹੋਰ 'ਭਗਤ ਸਿੰਘ' ਪੈਦਾ ਕਰ ਲੈਣਾ ਸੀ, ਪਰ ਇਹ ਗੱਲ ਵੀ ਉਭਰਦੀ ਹੈ ਕਿ ਇਤਿਹਾਸ ਦੀ ਉਸਾਰੀ ਵਿਚ ਵਿਅਕਤੀ ਦੇ ਸ਼ਖਸੀ ਗੁਣਾਂ ਦਾ ਮਹੱਤਵ ਪੂਰਨ ਰੋਲ ਹੁੰਦਾ ਹੈ, ਜਿਸ ਨੂੰ ਅਖੋਂ ਪਰੋਖੇ ਨਹੀਂ ਲੈ ਸਕਦਾ। ਹਰ ਸ਼ਖਸ ਅਪੂਰਵ ਹੁੰਦਾ ਹੈ ਤੇ ਉਸ ਦੀ ਥਾਂ ਕੋਈ ਹੋਰ ਨਹੀਂ ਕੀਤਾ ਜਾ ਸਕਦਾ, ਇਸ ਸਚਾਈ ਨੂੰ ਕਵੀ ਨੇ ਭਗਤ ਸਿੰਘ ਦੀ ਮਾਂ (ਬੇਬੇ) ਦੇ ਮੂੰਹੋਂ ਸੁਭਾਵਕ ਹੀ ਅਖਵਾਇਆ ਹੈ:

ਜਿਹੜੀ ਸ਼ਕਲ ਦਾ ਆਦਮੀ ਗੁਜ਼ਰ ਜਾਏ,
ਓਸ ਸ਼ਕਲ ਦਾ ਮਾਨ ਕੀ ਜਾਨ ਨੂੰ ਵੇ।
ਮੇਰੇ 'ਜਗਤ' ਜਾਂ 'ਭਗਤ' ਨਹੀਂ ਫੇਰ ਆਉਣਾ,
ਮੁੜ ਕੇ ਸਾਜ ਲਾਂ ਚਾਹੇ ਜਹਾਨ ਨੂੰ ਵੇ।

ਵਿਅਕਤੀ-ਚਰਿਤ੍ਰ ਤੇ ਇਤਿਹਾਸਕ ਸ਼ਕਤੀਆਂ ਦੀ ਦਵੰਦਾਤਮਕ ਏਕਤਾ ਨੂੰ ਸਹੀ ਰੂਪ ਵਿਚ ਪੇਸ਼ ਕਰਨ ਲਈ ਹੀ ਦੀਦਾਰ ਸਿੰਘ ਨੇ ਮਹਾਂਕਾਵਿ ਦੀ ਮੂਲ ਕਥਾ ਦਾ ਆਰੰਭ ਭਗਤ ਸਿੰਘ ਦੇ ਜਨਮ ਦੀ ਇਤਿਹਾਸਕ ਪਿਠ ਭੂਮੀ ਤੋਂ ਕੀਤਾ ਹੈ। ਭਗਤ ਸਿੰਘ ਦਾ ਯੁੱਗ ਜਮਹੂਰੀ ਇਨਕਲਾਬਾਂ ਦੀ ਚੜ੍ਹਤਲ ਤੇ ਸਾਮਰਾਜੀ ਤਾਕਤਾਂ ਦੇ ਨਿਘਾਰ ਦਾ ਯੁੱਗ ਸੀ :

> ਇਨਕਲਾਬ ਦੇ ਪਹੁ-ਫੁਟਾਲੇ, ਜਨ-ਯੁੱਗ ਦੀ ਪ੍ਰਭਾਤੇ।
> ਸਾਮਰਾਜ ਦੇ ਸਿਖਰ ਸਿਆਲੇ, ਲਹੂਆਂ ਦੀ ਬਰਸਾਤੇ।
> ਟੋਰ ਲਿਆ ਪੰਜਾਬ ਸੂਰਮੇ, ਇਨਕਲਾਬ ਦੀ ਰਾਹ 'ਤੇ।

'ਜਾਗੋ ਪੁੱਤਰ ਧਰਤ ਦੇ' ਅਤੇ 'ਤੇ ਫਿਰ ਚੜ੍ਹੀ ਜਵਾਨੀ ਭਗਤ ਨੂੰ' ਵਾਲੇ ਕਾਂਡ ਵੀ ਉਸ ਵੇਲੇ ਦੀ ਸਮੁੱਚੀ ਰਾਜਸੀ ਸਥਿਤੀ ਨੂੰ ਚਿਤ੍ਰਦੇ ਹਨ :

> ਚੜ੍ਹੇ ਜਵਾਨੀ ਭਗਤ ਸਿੰਘ, ਜਿਉਂ ਜਵਾਲਾ ਦੀ ਬਾੜ੍ਹ।
> ਸੂਰਜ ਝੜ ਦੇ ਨ੍ਹੇਰ ਚੋਂ, ਜਿਉਂ ਨਿਕਲੇ ਬੱਦਲ ਪਾੜ।
>
> ... ... ...
>
> ਜਿਉਂ ਨਿੱਸਲ ਸੁਤੇ ਸਾਗਰੋਂ, ਉਭਰੇ ਕੋਈ ਜਵਾਰ।
> ਜਿਉਂ ਸਾਮਰਾਜ ਦੀ ਕੰਧ ਨੂੰ, ਕੋਈ ਤੋੜੇ ਤੋੜ ਦਰਾੜ।

ਇਸ ਤੋਂ ਅੱਗੇ ਨਾਇਕ ਦੇ ਕਿਰਦਾਰ ਤੇ ਹਿੰਦੁਸਤਾਨ ਰਿਪਬਲਿਕਨ ਸੋਸ਼ਲਿਸਟ ਆਰਮੀ ਦੀ ਲੋਕ-ਸੰਗਰਾਮ ਦੀ ਰਾਜਨੀਤੀ, ਯੁੱਧ-ਨੀਤੀ (strategy) ਤੇ ਦਾਅਪੇਚਾਂ (tactics) ਅਤੇ ਹਿੰਦੁਸਤਾਨ ਦੇ ਸਮੁੱਚੇ ਆਜ਼ਾਦੀ-ਘੋਲ ਦੀ ਦਵੰਦਾਤਮਕਤਾ (rialectics) ਨੂੰ ਰੂਪ-ਬੱਧ ਕੀਤਾ ਗਿਆ ਹੈ। ਭਗਤ ਸਿੰਘ ਤੇ ਉਸ ਦੀ ਪਾਰਟੀ ਦਾ ਪ੍ਰੋਗਰਾਮ ਇਕ ਦੂਜੇ ਦੇ ਪ੍ਰਸੰਗ ਵਿਚ ਹੀ ਉਘੜਦੇ ਹਨ : ਭਗਤ ਸਿੰਘ ਪਾਰਟੀ-ਪ੍ਰੋਗਰਾਮ ਤੋਂ ਸੇਧ ਤੇ ਸ਼ਕਤੀ ਪ੍ਰਾਪਤ ਕਰਦਾ ਹੈ ਤੇ ਪਾਰਟੀ-ਪ੍ਰੋਗਰਾਮ ਭਗਤ ਸਿੰਘ ਦੇ ਰਾਜਸੀ ਅਮਲਾਂ ਰਾਹੀਂ ਹੀ ਆਪਣਾ ਸਹੀ ਰੂਪ ਪ੍ਰਾਪਤ ਕਰਦਾ ਹੈ। ਇਸ ਮਹਾਂਕਾਵਿ ਤੋਂ ਇਹ ਗੱਲ ਵੀ ਚੰਗੀ ਤਰ੍ਹਾਂ ਸਾਫ਼ ਹੋ ਜਾਂਦੀ ਹੈ ਕਿ ਭਗਤ ਸਿੰਘ ਤੇ ਉਸ ਦੀ ਪਾਰਟੀ ਦੀ ਰਾਜਨੀਤੀ ਦਾ ਆਧਾਰ ਦਵੰਦਾਤਮਕ ਇਤਿਹਾਸਿਕ ਪਦਾਰਥਵਾਦ ਸੀ। ਇਸ ਰਚਨਾ ਦਾ ਨਾਇਕ ਇਸ ਫ਼ਿਲਾਸਫ਼ੀ ਨਾਲ ਪੂਰੀ ਤਰ੍ਹਾਂ ਇਕਸੁਰ ਹੋਣ ਦੇ ਜਤਨ ਵਿਚ ਸੀ, ਇਸ ਗੱਲ ਦਾ ਸਬੂਤ, ਉਸ ਦੇ ਬਿਆਨਾਂ ਤੇ ਲਿਖਤਾਂ ਤੋਂ ਇਲਾਵਾ, ਇਹ ਹੈ ਕਿ ਉਹ ਆਪਣੀ ਕਾਲ-ਕੋਠੜੀ ਵਿਚ ਫ਼ਾਂਸੀ ਤੋਂ ਕੁਝ ਮਿੰਟ ਪਹਿਲਾਂ ਵੀ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਇਸ ਪਾਰਟੀ ਦੀ ਯੁੱਧ-ਨੀਤੀ ਨੂੰ ਕਵੀ ਨੇ, ਲਿਖਤੀ ਦਸਤਾਵੇਜ਼ਾਂ ਦੇ ਆਧਾਰ 'ਤੇ, ਯਰਕਾਊਵਾਦ (Terrorism) ਤੇ ਗਾਂਧੀਵਾਦੀ ਸ਼ਾਂਤੀਵਾਦ ਦੇ ਵਿਰੋਧ ਵਿਚ ਰੱਖ ਕੇ ਇਹ ਸਿੱਧ ਕੀਤਾ ਹੈ ਕਿ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਯੁੱਧ-ਨੀਤੀ ਅਸਲ ਵਿਚ ਇਹ ਸੀ ਕਿ ਇਨਕਲਾਬੀ ਘੋਲ ਲੋਕ-ਲਹਿਰ ਦੀ ਲਾਮਬੰਦੀ ਪਾਰਟੀ ਦਾ ਸੰਗਠਨ ਤੇ ਲੋਕਾਂ ਨੂੰ ਆਪਣੇ ਰਾਜਸੀ ਹੱਕਾਂ ਤੋਂ ਚੇਤੰਨ ਕਰਨਾ ਜ਼ਰੂਰੀ ਹੈ। ਹਥਿਆਰਬੰਦ ਯੁੱਧ ਦੀ ਤਿਆਰੀ ਵੀ ਜ਼ਰੂਰੀ ਹੈ, ਪਰ ਇਸ ਯੁੱਧ ਦੀ ਸ਼ਕਲ ਨੂੰ ਲੋਕਾਂ ਦੀ ਲਾਮਬੰਦੀ ਨਿਰਧਾਰਤ ਕਰਦੀ ਹੈ। ਸਮਝੌਤਾ ਤੇ ਵਕਤੀ ਸ਼ਾਂਤੀ ਅਤੇ ਵਕਤੀ ਯਰਕਾਊਵਾਦ ਉਨ੍ਹਾਂ ਲਈ ਕੇਵਲ ਦਾਅਪੇਚਾਂ ਦੀ ਹੀ ਅਹਿਮੀਅਤ ਰੱਖਦੇ ਸਨ। ਇਸ ਲਈ ਪਾਰਟੀ ਦਾ ਪ੍ਰੋਗਰਾਮ ਨਾ ਯਰਕਾਊਵਾਦੀ ਸੀ ਤੇ ਨਾ ਹੀ ਗਾਂਧੀਵਾਦੀ ਅਤੇ ਇਸ ਦੀ ਨੀਤੀ ਅੰਗਰੇਜ਼ ਨੂੰ ਕੱਢ ਕੇ ਭਾਰਤੀ ਸਰਮਾਏਦਾਰੀ ਲਈ ਲੋਟੂ ਰਾਜ-ਤੰਤਰ ਕਾਇਮ ਰੱਖਣ ਲਈ ਕੇਵਲ "ਰਾਜ-ਗੱਦੀ ਹਥਿਆਉਣ ਦੀ ਨਹੀਂ ਸੀ, ਸਗੋਂ ਲੁੱਟ-ਰਹਿਤ ਲੋਕ-ਰਾਜ ਉਸਾਰਨ ਦੀ ਸੀ। ਇਸ ਪ੍ਰਸੰਗ ਵਿਚ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਗਾਂਧੀਵਾਦੀ ਤਾਕਤਾਂ ਲੋਕ-ਰਾਜ ਦੇ ਨਾਅਰੇ ਨੂੰ ਕੇਵਲ ਰਾਜ-ਸੱਤਾ ਹਾਸਲ ਕਰਨ ਲਈ ਵਰਤ ਰਹੀਆਂ ਸਨ ਤੇ ਭਾਰਤ ਦੇ ਕਿਰਤੀ-ਕਿਸਾਨ ਨੂੰ ਧੋਖਾ ਦੇ ਰਹੀਆ ਸਨ। ਇਸ ਲਈ ਉਸ ਸਮੇਂ ਗਾਂਧੀਵਾਦੀ ਲੋਕ-ਵਿਰੋਧੀ ਰਣ-ਨੀਤੀ ਦੇ ਮੁਕਾਬਲੇ ਵਿਚ ਭਗਤ ਸਿੰਘ ਦੀ ਲੋਕ-ਪੱਖੀ ਯੁੱਧ-ਨੀਤੀ ਦਾ ਆਦਰ-ਸਤਿਕਾਰ ਵਧਦਾ ਜਾ ਰਿਹਾ ਸੀ :

> ਗਾਂਧੀ ਬਾਬੇ ਚਾਰਿਆ, ਭਾਰਤ ਦਾ ਕਿਰਸਾਨ।
> ਮਾਂਦੀ ਪੈ ਗਈ ਸ਼ਾਂਤਵਾਦ, ਚਮਕ ਪਿਆ ਇਨਸਾਨ।

ਸ਼ਹੀਦ ਸੁਖਦੇਵ ਦੇ ਮੂੰਹੋਂ ਵੀ ਪਾਰਟੀ ਦੀ ਯੁੱਧ-ਨੀਤੀ ਤੇ ਇਨਕਲਾਬੀ ਸਿੱਧਾਂਤ ਦੇ ਇਨ੍ਹਾਂ ਹੀ ਅਸੂਲਾਂ ਨੂੰ ਦਰਸਾਇਆ ਗਿਆ ਹੈ ਕਿ ਰਾਜਨੀਤਕ ਘੋਲ ਦੀ ਅਸਲ ਸ਼ਕਤੀ ਲੋਕ ਹਨ, ਅਸੰਬਲੀ ਵਿਚ ਬੰਬ ਸੁੱਟਣ ਦਾ ਮਨਰਥ ਲੋਕਾਂ ਨੂੰ ਜਗਾਉਣਾ ਸੀ ਤੇ ਨਾਅਰੇ ਘੋਲ ਵਿਚੋਂ ਪੈਦਾ ਹੁੰਦੇ ਹਨ, ਘਰੀਂ ਬੈਠ ਕੇ ਘੜੇ ਨਹੀਂ ਜਾਂਦੇ।

ਇਸ ਮਹਾਂ-ਕਾਵਿ ਦੇ 'ਸਾਂਡਰਸ ਕਤਲ' ਤੇ 'ਬੰਬ ਕਾਂਡ' ਨਾਲ ਸੰਬੰਧਤ ਭਾਗਾਂ ਵਿਚ ਪਾਰਟੀ ਸੰਗਠਨ ਤੇ ਇਨਕਲਾਬੀਆਂ ਦੇ ਗੁਪਤਵਾਸ ਦੀਆਂ ਔਕੜਾਂ ਉਤੇ ਵੀ ਰੌਸ਼ਨੀ ਪਾਈ ਗਈ ਹੈ।.

ਸਾਫ਼ ਹੈ ਕਿ ਇਹ ਕੇਵਲ ਭਗਤ ਸਿੰਘ ਦੀ ਜੀਵਨੀ ਨਹੀਂ, ਸਗੋਂ ਇਕ ਅਜਿਹੀ ਰਚਨਾ ਹੈ ਜੋ ਸਮਾਜਵਾਦ, ਜਮਹੂਰੀਅਤ, ਆਜ਼ਾਦੀ ਤੇ ਅਮਨ ਲਈ ਲੜੇ ਜਾ ਰਹੇ ਮਾਨਵਵਾਦੀ ਸੰਗਰਾਮ ਦੇ ਇਕ ਵਿਸ਼ੇਸ਼ ਪੜਾਅ ਦੀ ਕਹਾਣੀ ਕਹਿੰਦੀ ਹੋਈ ਇਸ ਸੰਗਰਾਮ ਦੇ ਅਗੇਰੇ ਪੜਾਅ ਲਈ ਚਾਨਣ-ਮੁਨਾਰਾ ਹੈ। ਇਸ ਦਾ ਨਾਇਕ ਇਸ ਸੰਗਰਾਮ ਦੇ ਇਕ ਖ਼ਾਸ ਮਰਹਲੇ ਨੂੰ ਤਹਿ ਕਰਨ ਵਾਲਾ ਸੂਰਮਾ ਵੀ ਹੈ ਤੇ ਅੱਜ ਵੀ ਉਨ੍ਹਾਂ ਉਦੇਸ਼ਾਂ ਲਈ ਪ੍ਰੇਰਨਾ ਦਾ ਸੋਮਾ ਤੇ ਸਿਖਿਆ ਦਾ ਸਾਧਨ ਹੈ। ਇਹ ਰਚਨਾ ਸੰਗਰਾਮ ਲਈ ਭਾਵੁਕ ਪ੍ਰੇਰਨਾ ਵੀ ਦਿੰਦੀ ਹੈ ਤੇ ਜੂਝਣ ਦੇ ਦਾਅ ਵੀ ਸਿਖਾਉਂਦੀ ਹੈ। ਭਗਤ ਸਿੰਘ ਲੋਕਾਈ ਦੇ ਦੁੱਖਾਂ ਤੋਂ ਚੇਤੰਨ ਹੋ ਕੇ, ਰਾਸ਼ਟਰੀ ਆਜ਼ਾਦੀ ਲਈ ਤੜਪਿਆ, ਲੋਕ-ਰਾਜ ਲਈ ਜੂਝਿਆ ਤੇ ਸ਼ਹੀਦ ਹੋ ਗਿਆ। ਉਹ ਇਸ ਕੰਮ ਲਈ ਜੂਝੇ ਸਾਰੇ ਸ਼ਹੀਦਾਂ ਦਾ ਸਿਰਤਾਜ ਬਣਿਆ। ਰਾਸ਼ਟਰੀ ਆਜ਼ਾਦੀ ਦੀ ਇਕ ਮੰਜ਼ਲ ਤਹਿ ਹੋਈ, ਪਰ ਰਾਜਨੀਤਕ ਜ਼ੁਲਮ, ਕੌਮੀ ਗੁਲਾਮੀ ਤੇ ਕਿਰਤੀ-ਕਿਸਾਨ ਦੀ ਆਰਥਕ ਲੁੱਟ ਜਿੰਨਾ ਚਿਰ ਕਾਇਮ ਹਨ ਉਂਨਾ ਚਿਰ ਭਗਤ ਸਿੰਘ ਸਾਡੇ ਭੂਤ ਹੀ ਨਹੀਂ, ਸਾਡੇ ਵਰਤਮਾਨ ਦਾ ਨਾਇਕ ਵੀ ਹੈ ਤੇ ਦੀਦਾਰ ਸਿੰਘ ਦੇ ਇਸ ਮਹਾਂ-ਕਾਵਿ ਦਾ ਸਾਹਿੱਤਕ ਮੁੱਲ ਅੱਜ ਵੀ ਹੈ ਤੇ ਭਲਕੇ ਵੀ ਰਹੇਗਾ। ●

<u>ਇਸ ਮਹਾਂ-ਕਾਵਿ ਦੇ ਆਖ਼ਰੀ ਕਾਂਡ ਦੇ ਕੁਝ ਅੰਸ਼ :</u>

## ੨੯ : ਆਖ਼ਰੀ ਕਿਤਾਬ

(23-3-31 ਨੂੰ ਲੈਨਿਨ ਦੀ ਜੀਵਨੀ ਪੜ੍ਹਨ ਤੋਂ ਬਾਦ ਸ਼ਹੀਦ ਭਗਤ ਸਿੰਘ ਦੇ ਮਨੋਭਾਵ! ਫ਼ਾਂਸੀ ਤੋਂ ਕੁਝ ਘੰਟੇ ਪਹਿਲਾਂ!)

"ਬੀਤ ਗਿਆ ਏ ਤੀਜਾ ਹਿੱਸਾ ਸਦੀ ਦਾ।
ਨਕਸ਼ਾ ਸਾਹਵੇਂ ਦਿੱਸੇ ਨੇਕੀ ਬਦੀ ਦਾ।
ਬਹੁਤ ਕੁੱਝ ਹਾਂ ਵੇਖ ਬੈਠਾ :
ਬਹੁਤ ਕੁੱਝ ਨਹੀਂ ਵੇਖਿਆ।
ਵਿੱਸਰ ਨੇ ਗਈਆਂ ਕਈ ਚੀਜ਼ਾਂ
ਮੇਰੇ ਅੰਦਰ ਬਾਹਰ ਦੀਆਂ।
ਮੈਨੂੰ ਸਮਝੋ ਮੇਰੇ ਲੋਕੋ!
ਮੈਂ ਇਤਿਹਾਸ ਦੇ ਕਿਰਤੀ-ਯੁਗ ਦਾ
ਅਹਿਸਾਸ ਹਾਂ,
ਆਵਾਜ਼ ਹਾਂ,
ਪਰਵਾਜ਼ ਹਾਂ।
ਕਿੰਨਾ ਕੁ ਉੱਡ ਸਕਦਾ ਹਾਂ ਮੈਂ?
ਆਪਣੇ ਸਾਦਾ ਲੋਕਾਂ ਵਿਚੋਂ ਹੀ ਇਕ ਹਾਂ।
ਆਪਣੇ ਯੁਗ ਦੀ ਰਚਨਾ ਤੇ ਯੁਗ-ਚੇਤਨਾ।
ਔਲਾਦ ਹਾਂ ਏਸੇ ਸਦੀ ਦੀ।
ਇਹ ਅਨੋਖੀ, ਅਲਬੇਲੀ, ਜਵਾਨ, ਮੇਰੀ ਮਾਂ।
ਲੋਕੋ, ਗੱਲ ਕਰੋ,
ਇਸ ਪਰੀਆਂ ਵਰਗ ਰਕਾਣ ਦੀ।
ਉੱਚੀ-ਸੁੱਚੀ—ਆਦੂਤੀ ਇਦ੍ਹੀ ਉਡਾਣ ਦੀ।
ਇਹਦੇ ਸ਼ਾਹਪਰ ਤੇ ਹੈ ਬੈਠੀ.

ਧਰਤੀ ਦੀ ਮਨ-ਚਿੰਦਗੀ,
ਸੁਤੰਤਰ ਜ਼ਿੰਦਗੀ !
ਜੁੱਗ ਪਲਟਦੇ, ਸਮਰਾਟ ਮਿਟਦੇ,
ਕੌਮਾਂ ਜੰਮਦੀਆਂ !!
ਆਖ਼ਰ ਕਿਉਂ ਮਰ ਜਾਂਦੇ ਨੇ
ਰੋਹ ਵਿਚ ਆ ਕੇ ??......?
ਸਭ ਤੋਂ ਵਧ ਕੇ ਜੀਣ-ਜੋਗੜੇ
ਕਿਉਂ ਜੀਵਣ ਤੋਂ ਨਾਂਹ ਕਰ ਦੇਂਦੇ ?

ਮੈਂ ਤਾਂ ਕੇਵਲ ਇਕ ਕਤਰਾ ਹਾਂ ਪਾਣੀ ਦਾ !
ਇਤਿਹਾਸ ਦੇ ਸਾਗਰ ਤਟ 'ਤੇ
ਚਮਕਣ ਦੀ ਇਕ ਚਾਹਤ ਜੇਹੀ !
ਮੇਰਿਉ ਲੋਕੋ ਤੁਸੀਂ ਹੀ
ਦੁਨੀਆਂ ਦੇ ਇਤਿਹਾਸ ਦੇ
ਚਾਲਕ, ਮਾਲਕ, ਖ਼ਾਲਕ ਹੋ :
ਜਿੱਤਾਂ, ਹਾਰਾਂ, ਗ਼ਮ ਤੇ ਸ਼ਾਨਾਂ :
ਸਭ ਕਾਸੇ ਦੇ ਜ਼ਿਮੇਵਾਰ !
ਸ਼ਾਹ ਹਨੇਰੇ, ਰਾਹ ਰਾਹ ਉੱਤੇ
ਲਹੂ ਦੇ ਦੀਵੇ ਆਪੂੰ ਬਾਲੋ !
... ... ... ... ... !!

ਝੰਡੇ ਅਤੇ ਨਿਸ਼ਾਨ, ਕੌਮਾਂ ਸਾਡੀਆਂ
—ਸੀਮਾਵਾਂ ਨੇ ਸੋਚ ਦੀਆਂ ।
... ... ...

ਤਿੜੂ ਜਿਹਾ ਮੈਂ ਬੰਦਾ ਰਤਾ ਡਰਾਕਲ,
ਕੁੱਭੀ ਛਾਤੀ ਵਾਲਾ, ਲੰਮਾਂ, ਸ਼ਰਮਾਕਲ ।
ਜ਼ਿੰਦਗੀ ਮਾਨਣ ਦਾ ਸ਼ੌਕ ਜਿਹਾ,
ਜੋਸ਼, ਹੋਸ਼ ਤੇ ਚਾਅ ਖੁੱਲ੍ਹਾਂ ਦਾ ;
ਫੂੰਹ-ਫਾਂਹ, ਜ਼ੋਰ-ਦਿਖਾਵਾ, ਸਭ ਕੁੱਝ
ਹੈ ਸੀ ਮੇਰੇ ਵਿਚ ਵੀ ਹੋਰਾਂ ਵਾਕਰਾਂ !
ਧਰਤੀ ਦੀਆਂ ਖ਼ੁਸ਼ੀਆਂ ਤੇ ਖ਼ੁਸ਼ਬੋਈਆਂ
ਮੈਨੂੰ ਵੀ ਭਰਮਾਇਆ ਮੋਰਾਂ ਵਾਕਰਾਂ !
ਨੱਚ ਨੱਚ ਪਈ ਜਵਾਨੀ ਮੇਰੀ...!!
ਨਿੱਘ-ਵਿਲਾਸੀ ਧੁਪ ਸਿਆਲੀ ਸਮ
ਮੈਨੂੰ ਵੀ ਗਲਵਕੜੀ ਪਾਈ ਘੁੱਟ ਕੇ ।
ਜੀਅ ਮੇਰਾ ਵੀ, ਲਲਚਾਂਦਾ ਸੀ,
ਕਿ ਕੋਈ ਲੱਛੀ ਮੇਰੀ ਬਗਲੇ ਆ ਬੈਠੇ :
ਮੇਰੇ ਮੋਢੇ 'ਤੇ ਸਿਰ ਸੁੱਟੇ :
ਏਨੀ ਸੁਹਣੀ, ਮਿੱਠੀ ਮਿੱਠੀ ਤੇ ਪਿਆਰੀ ਕਿ :
"ਜਿੱਥੇ ਵੀ ਉਹ ਪਾਣੀ ਡੋਲ੍ਹ ਦੇ...
ਉਥੇ ਉੱਗ ਪਏ ਸੰਦਲ ਦਾ ਬੂਟਾ !"
... ... ...

ਭਾਵੇਂ ਮੇਰੀ ਸੁਰਤੀ, ਫੁਰਤੀ ਕਲਪਨਾ,
ਦ੍ਰਿਸ਼ਟੀ ਚਤਰ, ਮਨੋਰਥ ਮਾਨਵ-ਪੱਖ ਦਾ,
ਇੱਛਾ ਤੀਬਰ ਇਕ ਤਮੰਨਾ ਬਣ ਬਣ ਕੇ,
ਕੁਰਬਾਨੀ ਦੀਆਂ ਹੱਦਾਂ ਛੁਹ ਛੁਹ, ਜੀਂਦਿਆਂ,
ਪਿਆਰ ਕਮਾਂਦੀਆਂ ਰਹੀਆਂ ਮੇਰੇ ਯਾਰਾਂ ਦਾ ;
ਜਿਨ੍ਹਾਂ ਸਦਕਾ ਡਿਗ ਡਿਗ ਕੇ ਮੈਂ ਉਠਿਆ :
ਤੇ ਲਗਨ ਦਾ ਪੱਕਾ ਰਹਿ ਸਕਿਆ ।
ਮੈਨੂੰ ਇਸ ਦੁਨੀਆਂ ਨੂੰ ਛੱਡਣ ਦੀ ਕੋਈ ਛੇਤੀ ਨਾ ;
ਵਿਛੜਨ 'ਤੇ ਮੈਂ ਹੰਝੂ ਵੀ ਨਹੀਂ ਕੇਰਨੇ !!

ਧਰਤੀ ਦੀ ਕੋਈ ਪੀੜ ਨਹੀਂ
ਜੋ ਮੈਂ ਨਹੀਂ ਝੱਲੀ !
ਜਰ ਨਾ ਸਕਿਆ ਫਿਰ ਵੀ ਕੌਮੀ ਬੇਇਜ਼ਤੀ !
ਮੈਂ ਮਿਥ ਕੇ ਸਾਂਡਰਸ ਮਾਰਿਆ ।
ਮੈਂ ਖ਼ੁਸ਼ੀਆਂ, ਖ਼ੁਸ਼ਬੋਈਆਂ ਦਾ,
ਆਜ਼ਾਦੀ, ਸਮਤਾ, ਖ਼ੁਸ਼ਹਾਲੀ ਦਾ ਸੱਚਾ ਆਸ਼ਕ ਹਾਂ, ਲੋਕੋ !
ਤੇ ਇਸ ਦੁਨੀਆਂ ਨੂੰ ਛੱਡਣ ਦੀ
ਛੇਤੀ ਤਾਂ ਮੈਨੂੰ ਕੋਈ ਨਹੀਂ !!
... ... ...

ਮੇਰਿਉ ਲੋਕੋ, ਮੈਂ ਕੋਈ ਪੈਗ਼ੰਬਰ ਨਹੀਂ ਜੋ :
ਕਦੀ ਨਹੀਂ, ਜੋ ਆਪਣੇ ਯੁਗ ਨੂੰ ਵਡਿਆ ਕੇ, ਲਡਿਆ ਕੇ,
ਸ਼ਬਦਕ ਜਾਦੂ ਵਿਚ ਘੁਮਾ ਕੇ,
ਦੁਨੀਆਂ ਦੇ ਸਭ ਲੋਕਾਂ ਖ਼ਾਤਰ ਬੁੱਤ ਬਣ ਕੇ ਬਹਿ ਜਾਵਾਂ !
ਮੈਂ ਜੀਂਦਾ ਪੁੱਤ ਬਗ਼ਾਵਤ ਦਾ : ਇਨਕਲਾਬ ਦਾ ਉੱਸਰੀਆ ।
ਲੋਕ ਤੇ ਲੈਨਿਨ ਪ੍ਰੇਰਕ ਮੇਰੇ ।
ਕੁੱਝ ਆਵਾਜ਼ਾਂ ਤੇ ਸੰਕਲਪਾਂ, ਜੀਂਦੇ-ਹਸਦੇ ਮਿੱਤਰਾਂ ਵਾਂਗੂੰ,
ਦਿੱਤਾ ਬੜਾ ਸਹਾਰਾ ਮੈਨੂੰ :
ਬੜਾ ਹੌਂਸਲਾ ਹੁੰਦਾ ਹੈ ਜੀ ਯਾਰਾਂ ਦਾ !
ਕੱਲਾ ਕੱਲਾ ਕੀ ਕੋਈ ਹੈ ਕਰ ਸਕਦਾ ?
ਜਾਗ, ਲੁਕਾਈ ਦੁਰਗਾ ਰੂਪ ਵਟਾਂਦੀ ਹੈ :
ਡਰ ਉੱਡ ਜਾਂਦੇ ਡਰੂਆਂ ਦੇ ਵੀ ਖੱਲਾਂ 'ਚੋਂ ।
ਮੇਰੇ ਲੋਕੋ, ਮੇਰਾ ਬੁੱਤ ਬਣਾਇਆ ਜੇ ਨਾ ।
ਜੇ ਬਣ ਜਾਵੇ, ਪੂਜਾ ਲਈ ਸਜਾਇਆ ਜੇ ਨਾ ।
ਰਾਹ ਮੇਰੇ ਨੂੰ ਸਤਿਕਾਰੋ ਜੇ, ਮੇਰੇ ਵਰਗੇ ਬਣ ਕੇ ਵੇਖੋ !!
... ... ... ...

ਜੋ ਕੁੱਝ ਜਿਵੇਂ ਸੀ ਠੀਕ ਜਾਪਿਆ, ਮੈਂ ਕੀਤਾ :
ਚੇਤਨਾ ਦਾ ਜ਼ੋਰ ਪੂਰਾ ਲੱਗਿਆ ।
ਬੜਾ ਹੀ ਕੁੱਝ ਮੈਂ ਛੱਡ ਚਲਿਆ ਹਾਂ ! ਕਾਲ-ਕੋਠੜੀ ਤੋਂ ਬਾਹਰ ਮੈਂ
ਸਦੀਆਂ ਦੇ ਸਹਿਮਾਂ, ਵਹਿਮਾਂ ਨੂੰ, ਵੇਖ ਰਿਹਾ ਹਾਂ ਟੁੱਟਦਾ ਭਜਦਾ ।
ਲੰਘਦਾ ਵੇਖਾਂ, ਅੱਖੀਆਂ ਅੱਗੋਂ ਭਵਿਖ ਦਾ ਮਾਨਵ, ਸ਼ਕਤੀਸ਼ਾਲੀ,
ਭਰਵਾਂ ਜੁੱਸਾ, ਚੌੜਾ ਸੀਨਾ, ਨਿਰਮਲ ਅੱਖਾਂ ।
ਇਹਦੇ ਹੱਥ ਵਿਚ ਵੀ ਇਹ ਪੁਸਤਕ : ਭਵਿਖ ਦੀ ਦਸਤਾਵੇਜ਼।
ਕਿਉਂ ਬਾਈ ਜਵਾਨਾਂ !
ਸੁਪਨੇ ਦੀ ਦੁਨੀਆਂ ਦੇ ਵਾਸੀ, ਮੇਰੇ ਯਾਰਾ !
ਤੂੰ ਹੈਂ ਮੇਰਾ ਭਵਿਖ ਤੇ ਮੇਰੀ ਆਤਮਾਂ !
ਇਹ ਪੁਸਤਕ ਮੈਂ ਤੇਰੀ ਖ਼ਾਤਰ ਛੱਡ ਚੱਲਿਆ :
"ਲੈਨਿਨ ਦੀ ਜੀਵਨੀ"

**ਦਾਰੋਗਾ ਜੇਲ੍ਹ ਤੇ ਹੈਡ ਵਾਰਡਰ ਸ: ਭਗਤ ਸਿੰਘ ਨੂੰ ਫ਼ਾਂਸੀ ਲਈ ਤਿਆਰੀ ਕਰਵਾਣ ਆ ਜਾਂਦੇ ਹਨ !**

"ਕਾਲ-ਕੋਠੜੀ ਦੇ ਕੁੰਜੀ-ਬਰਦਾਰ ਜੀ !
ਨੰਬਰਦਾਰ, ਪਹਿਰੇਦਾਰ, ਜਮਾਂਦਾਰ ਜੀ !
ਦਾਰ ਤਕ ਹਾਂ ਜਾਣ ਨੂੰ ਬਿਲਕੁਲ ਤਿਆਰ ।
ਪੱਤਰੇ ਬਸ ਰਹਿ ਗਏ ਨੇ ਕੁੱਲ ਚਾਰ ।
ਹੱਥਲੀ ਪੁਸਤਕ ਬੜੀ ਹੈ ਮਜ਼ੇਦਾਰ ।
ਮੁੱਖ-ਪਾਤਰ ਬੜਾ ਹੀ ਨਿਸ਼ਕਾਮ ਹੈ ।
ਦਿਲ ਦਾ ਸੁੱਚਾ ਦੇਸ਼ ਦਾ ਸੇਵਕ ਹੈ ਇਹ :
ਪਿਆਰ ਦਾ ਪੁਤਲਾ ਹੈ ਪੁੱਤਰ ਧਰਤ ਦਾ ।
ਠਹਿਰ ਲੈ ਪੰਜ ਕੁ ਮਿੰਟ, ਹੇ 'ਕਾਲ' ਜੀ !
ਮੈਂ ਹੁਣੇ ਚਲਨਾਂ ਤੁਹਾਡੇ ਨਾਲ ਜੀ !"
... ... ... ... ... ... ... !

**(ਫੇਰ ਜੁੱਟ ਜਾਂਦਾ ਹੈ ਪੁਸਤਕ ਪਾਠ ਵਿਚ)**

ਉੱਠੋ ਹੁਣ, 'ਸਰਦਾਰ ਜੀ' ! ਹੁਕਮ ਹੈ ਸਰਕਾਰ ਦਾ ,
ਦਿੱਲੀਉਂ ਆਇਆ ਹੈ ਗੋਰਾ ਅੱਖੀਂ ਵੇਖਣ ਫ਼ਾਂਸੀਆਂ :
ਮੈਂ ਤਾਂ ਅਦਨਾ ਕਾਰਕੁਨ ਸਰਕਾਰ ਦਾ...!"
... ... ... ... ... ... ... ... !!!

"ਠਹਿਰ ਜਾ ਸੱਜਣਾ ! ਜ਼ਰਾ ਕੁ ਠਹਿਰ ਵੀ ।
ਆਖ਼ਰੀ ਗੱਲ ਕਰ ਲਵਾਂ ਮੈਂ ਪਿਆਰ ਦੀ ।
'ਜੇਹਾ ਨਾਇਕ ਫਿਰ ਕਦੇ ਨਹੀਂ ਮਿਲੇਗਾ !
ਯਾਦ ਇਹਦੀ ਰੱਖ ਲਵਾਂ ਮੈਂ ਸਾਂਭ ਕੇ ।
ਹੈ ਬੜੀ ਬਲਵਾਨ ਇਹਦੀ ਯਾਦ ਇਹ ।
ਮੈਂ ਕਦੇ ਨਾ ਡੋਲਸਾਂ ; ਇਨਕਲਾਬ ਹੀ ਬੋਲਸਾਂ :
ਇਹ ਬੜਾ ਬਲ ਦੇ ਰਹੀ ਹੈ ਦਿਲੇ ਨੂੰ ! ਮੈਂ ਕਦੇ ਨਹੀਂ ਡੋਲਣਾ !
ਮੇਰੇ ਵਿਚੋਂ ਇਹਦੀ ਰੂਹ ਨੇ ਬੋਲਣਾ !!
... ... ... ... ... ... ... !!"

"ਦਾਰ ਤਕ ਪਹੁੰਚਣ ਦੀ ਵਾਟ :
ਬੜਾਂ ਹੀ ਵਿੱਖਮ ਹੈ ਮਾਰਗ : ਪਰਬਤਾਂ ਤੋਂ ਉਤਰਨਾ !
ਮੈਨੂੰ ਢਲਵਾਨਾਂ ਦੀ, ਪਰ, ਪਰਵਾਹ ਨਹੀਂ ।
ਨਦੀ ਨਾਲੇ ਵੀ ਲਵਾਂਗਾ ਝਾਗ ਮੈਂ ।
ਸਫ਼ਰ ਇਹ ਮੈਂ ਚਾਈਂ ਚਾਈਂ ਸਹੇੜਿਆ ।
ਆਪਣੀ ਮਨ-ਮਰਜ਼ੀ ਦਾ ਮਾਰਗ ਹੈ ਨਿਰਾ ।
... ... ... ... ... ... ... ... !!

ਠਹਿਰ ਲਓ ਇਕ ਹੋਰ ਪਲ, ਇਕੋ ਹੀ ਪਲ :
ਕਰ ਲਵਾਂ ਮੈਂ ਧਰਤ ਨੂੰ ਅੰਤਿਮ ਸਲਾਮ ।
ਕਰ ਲਵਾਂ ਮਹਿਬੂਬ ਲੋਕਾਂ ਨੂੰ ਸਲਾਮ ।
ਚੁੰਮ ਲਾਂ ਬਸ ਇਕ ਵਾਰੀ—ਇਕੋ ਵਾਰ
ਧਰਤ ਦੀ ਨੱਈਆ ਦੇ ਖੇਵਣ-ਹਾਰ ਨੂੰ
ਤੇ ਉਹਦੇ ਮਰਜੀਵੜੇ ਪਰਵਾਰ ਨੂੰ ।
ਮੈਂ ਵੀ ਤਾਂ ਕਿ ਇਨ੍ਹਾਂ ਵਾਂਗਰ ਮਰ ਸਕਾਂ,
"ਖ਼ੂਬਸੂਰਤ ਮੌਤ ... ... ... ... !!"

ਸਭ ਤਸੀਹੇ ਖਿੜਦੇ ਮੱਥੇ ਜਰ ਸਕਾਂ ।
ਠਹਿਰ ਲਓ ਪਲ ਕੁ ਪਿਆਰੇ ਕਾਲ ਜੀ !
ਮੈਂ ਹੁਣੇ ਚਲਣਾ ਤੁਹਾਡੇ ਨਾਲ ਜੀ !
... ... ...

[ਅਤੇ.........23-3-1931 ਸ਼ਾਮ ਨੂੰ ਸੱਤ ਵੱਜ ਕੇ ਸੱਤ ਮਿੰਟ ਸੱਤ ਸਕਿੰਟ 'ਤੇ ਸਰਦਾਰ ਭਗਤ ਸਿੰਘ, ਰਾਜਗੁਰੂ ਜੀ, ਅਤੇ ਸੁਖਦੇਵ ਜੀ ਨੂੰ ਫਾਂਸੀ ਲਾ ਦਿੱਤਾ ਗਿਆ : ਕੁੱਝ ਚਿਰ ਲਟਕਦਾ ਰਹਿਣ ਦਿੱਤਾ !!] ●



**KLONDIKE INSURANCE AGENCIES LTD.**

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

# HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL: Fire, Auto, Motor, Tenant Package**

**LIFE INSURANCE: Mortgage, Disability and Accident & Sickness.**

**COMMERCIAL: Bonding, Liability, Fires, Crime, Apartment Buildings, Retail Stores, Offices, Machinery, Boilers.**



# Millwoods Hair Stylists (Unisex)

SPECIALIZED IN:
i) Haircut ii) Blow Dry iii) Colour
iv) Perms v) Henna vi) French Braids

**PHONE:**

# DARSHAN DHILLON

**FOR APPOINTMENT (463-5012)**


# HIMALAYA RESTAURANT LTD.

**6595 Main Street** **2313 Main Street,** (LICENSED PREMISES)
**Phone: 324-6514** **Phone: 876-2911**
**VANCOUVER, B.C.**




KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

# ਮਠਿਆਈ ਦੀ ਮਸ਼ਹੂਰ ਦੁਕਾਨ

# BOMBAY SWEETS MFG. INCORPORATED

## FOR LARGEST VARIETY IN INDIAN SWEETS

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ

• ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ

ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722

**OPEN EVERY DAY 9 A.M. TO 9:30 P.M.**

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

**KENNY K. H. NG** B.Sc. (PHARM.)
R.P.E.B.C.

**PAUL C. Y. FU** B.Sc. (PHARM.)
R.P.E.B.C.

**6407 MAIN ST.
VANCOUVER, B.C.**

# PAUL'S

## *PLUMBING & ELECTRICAL SUPPLY*



'OPEN ON SUNDAYS TOO'

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.

*Contact Paul At.*
*4774 Main St. (at 32nd) Vancouver. B.C.*
*PH: 872-3118* Supply
*872-7227* Service

# KESRI

## SWEETS & RESTAURANT LTD.

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# S & S Insurance Services



ਹਰਦੇਵ ਸਿੰਘ ਗਿੱਲ

ਪੰਜਾਬੀ ਮਾਰਕਿਟ ਵਿਚ

## PH. 324-5711

## 6658 MAIN ST., VANCOUVER.



ਦਲਜੀਤ ਸਿੰਘ ਸਿੱਧੂ

**An Autoplan reminder—**
Leisure vans with modifications to the interior require a special equipment endorsement to cover some extras. Unlike motorhomes, vans are insured for their actual cash value, and equipment added after the vehicle leaves the original manufacturer is not included in the basic coverage. Be sure you have the insurance you need.

---

The shop where you can get all kinds of Fabrics!

# PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*
* *Also in gents wear Pants, Shirts, Coats, etc.*
* *Mail order accepted*

---

EYE EXAMINATIONS ARRANGED



## SOFT CONTACT LENS SALE

**NOW $119.00**
ALL FITTING FEES INCLUDED

If you've ever wanted to wear contact lenses, here's your opportunity! These first quality soft contact lenses are super comfortable, simple and safe to wear.

*Bring us your prescription (or ask us to arrange an eye examination)* and be experty fitted by our qualified staff. You'll be surprised how quickly you can adapt to wearing soft contact lenses!

## EXTENDED WEAR CONTACT LENS $219.00

## Campus Eye Center

**11151-87 Ave.** **432-1372**

**WATNO DUR**
P.O. Box 9545
Edmonton, Alberta, T6E 5X2
Second Class Mail Reg. No. 3233

TO:

# ਫਰੰਟੀਅਰ ਕਲਾਥ ਹਾਊਸ




FRONTIER - the NAME you can TRUST
**********************************************

We are the best in:

1. Indian Silk Sarees
2. Crepe-de-Chine Silk Sarees
3. Mysoori Silk Sarees
4. Punjabi Silk Suits with Fancy Chunis, in latest designs
5. Embroidered Chunis of all kinds
6. Japanese Printed and Plain Sarees
7. French Chiffon Plain and Printed Sarees

Always visit FRONTIER for your wedding shopping. FRONTIER is FRONT in FASHION.
REMEMBER ... just one place, - FRONTIER

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515